Vide R.N.I. No. Pun-Pun 2002/8323 ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 143

D.O.P. 15 Jan. 2022




ਧੰਨ ਧੰਨ ਬਾਬਾ ਦੀਪ ਸਿੰਘ ਜੀ

# 11ਵਾਂ ਸਲਾਨਾ ਸਮਾਗਮ

# ਬਾਬਾ ਦੀਪ ਸਿੰਘ ਜੀ ਸੇਵਾ ਸਿਮਰਨ ਸੁਸਾਇਟੀ, ਪਟਿਆਲਾ

ਸਤਿਗੁਰੂ ਜੀ ਦੀ ਕਿਰਪਾ ਨਾਲ ਬਾਬਾ ਦੀਪ ਸਿੰਘ ਜੀ ਸੇਵਾ ਸਿਮਰਨ ਸੁਸਾਇਟੀ, ਪਟਿਆਲਾ ਵੱਲੋਂ ਗੁਰਦੁਆਰਾ ਨਵੀਨ ਸ੍ਰੀ ਗੁਰੂ ਸਿੰਘ ਸਭਾ, ਧਰਮਪੁਰਾ ਬਜ਼ਾਰ, ਪਟਿਆਲਾ ਦੇ ਸਹਿਯੋਗ ਨਾਲ 11ਵਾਂ ਸਲਾਨਾ ਸਮਾਗਮ ਬੀਬੀ ਕੌਲਾਂ ਜੀ ਭਲਾਈ ਕੇਂਦਰ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਇਆ ਗਿਆ। ਇਸ ਸਮਾਗਮ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਜੀ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਅਤ ਸਿੰਘ ਜੀ, ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ ਜੀ, ਸ੍ਰੀ ਹੇਮਕੁੰਟ ਸਾਹਿਬ ਜੀ ਦੇ ਹੈੱਡ ਗ੍ਰੰਥੀ ਗਿਆਨੀ ਮਿਲਾਪ ਸਿੰਘ ਜੀ, ਗੁ: ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਦੇ ਗ੍ਰੰਥੀ ਗਿਆਨੀ ਦਰਸ਼ਨ ਸਿੰਘ ਜੀ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ।

1

2

3

4

5

6

7

8


1. ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਜੀ, 2. ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, 3. ਸਿੰਘ ਸਾਹਿਬ ਗਿਆਨੀ ਮਲਕੀਅਤ ਸਿੰਘ ਜੀ, 4. ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਜੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਹੋਏ, 5. ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ ਨੂੰ ਸਤਿਕਾਰ ਭੇਟਾ ਕਰਦੇ ਹੋਏ ਭਾਈ ਸਾਹਿਬ ਜੀ, ਸ੍ਰ. ਜਸਵਿੰਦਰ ਸਿੰਘ ਜੀ ਪਟਿਆਲਾ, 6. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕੀਰਤਨ ਦੀ ਹਾਜ਼ਰੀ ਭਰਦੇ ਹੋਏ, 7. ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ। ਭਾਈ ਜਸਵਿੰਦਰ ਸਿੰਘ ਪਟਿਆਲਾ ਨੂੰ ਸਿਰੋਪਾਓ ਦੀ ਬਖਸ਼ਿਸ਼ ਦਿੰਦੇ ਹੋਏ ਭਾਈ ਸਾਹਿਬ ਜੀ ਅਤੇ ਸਿੰਘ ਸਾਹਿਬ ਗਿਆਨੀ ਮਲਕੀਅਤ ਸਿੰਘ ਜੀ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-143ਵਾਂ (2022)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਕੰਪਿਊਟਰ: ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: **ਸਿਫਤਿ ਸਾਲਾਹ**, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸ਼੍ਰੋਮਣੀ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਿਆਰੇ ਭਰੇ ਸਵਾਲ-ਜਵਾਬ—ਸੇਵਾ ਕਰਨੀ ਕਿੰਨੀ ਜ਼ਰੂਰੀ ਹੈ? 5
ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 11
ਜ਼ਿੰਦਗੀ ਦੀਆਂ ਬਰੀਕੀਆਂ 14
ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥ 20
ਅਧਿਆਤਮਿਕ ਵਿਚਾਰਾਂ 22
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਅਠਾਰ੍ਹਵਾਂ ਭਾਗ- ਧੰਨ ਧੰਨ ਬੀਬੀ ਬਸੰਤ ਲਤਾ ਕੌਰ ਜੀ 23
400 ਸਾਲ ਗੁਰ ਇਤਿਹਾਸ ਦੇ ਨਾਲ 34
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 36
ਅਨਮੋਲ ਬਚਨ 37
हमारी की सेवा एवं सिमरन पर गुरु की खुशी की मोहर लग गई है, कैसे पता लगेगा? 38
चार साहिबज़ादों की शहीदी दास्तान 45
Brilliant Characteristics of Father Dashmesh Ji 52
Which are the Ten Sins? 57

ਨੋਟ : ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ...

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਗੁਰ ਇਤਿਹਾਸ ਦੇ ਪਾਵਨ ਪੰਨੇ ਫਰੋਲਦਿਆਂ ਇੱਕ ਬੜਾ ਹੀ ਅਹਿਮ ਪੱਖ ਸਾਹਮਣੇ ਆਉਂਦਾ ਹੈ, ਉਹ ਹੈ, ਗੁਰੂ ਸਾਹਿਬ ਨੇ ਆਪਣੇ ਸਿੱਖ ਨੂੰ ਬਹੁਤ ਵਡਿਆਈਆਂ ਬਖਸ਼ੀਆਂ ਹਨ। ਗੁਰੂ ਕਲਗੀਧਰ ਪਿਤਾ ਜੀ ਨੇ ਖਾਲਸੇ ਨੂੰ ਆਪਣਾ ਰੂਪ ਹੀ ਕਹਿ ਦਿੱਤਾ ਹੈ। ਬੜੀ ਸਮਝਣ ਵਾਲੀ ਗੱਲ ਹੈ ਔਰ ਅੱਜ ਦੇ ਜ਼ਮਾਨੇ ਵਿੱਚ ਇਸ ਪੱਖ ਤੇ ਬਹੁਤ ਹੀ ਗੌਰ ਕਰਨ ਦੀ ਲੋੜ ਹੈ। ਪਹਿਲਾਂ ਗੁਰੂ ਸਾਹਿਬਾਨ ਦੇ ਸਮੇਂ ਦੇ ਕੁਝ ਪੰਨੇ ਫਰੋਲਦੇ ਹਾਂ। ਬਾਬਾ ਭਾਈ ਸਾਲ੍ਹੋ ਜੀ, ਇੱਕ ਬਖਸ਼ੀ ਹੋਈ ਰੂਹ, ਇੱਕ ਰੰਗੀ ਹੋਈ ਰੂਹ, ਗੁਰੂ ਦੇ ਚਰਨਾਂ ਦੇ ਆਸ਼ਕ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨੀ ਡਿਉਢੀ ਦੇ ਬਾਹਰ ਝਾੜੂ ਦੀ ਸੇਵਾ ਕਰ ਰਹੇ ਹਨ। ਮੱਧ ਪ੍ਰਦੇਸ਼ ਦਾ ਰਾਜਾ ਪਰਿਵਾਰ ਸਮੇਤ, ਅਹਿਲਕਾਰਾਂ ਸਮੇਤ ਪੰਜਵੇਂ ਪਾਤਸ਼ਾਹ ਜੀ ਦੇ ਦਰਸ਼ਨਾਂ ਵਾਸਤੇ ਆਇਆ। ਰਾਜੇ ਦੇ ਬੱਚੇ ਦਾ ਪੈਰ ਬਾਬਾ ਭਾਈ ਸਾਲ੍ਹੋ ਜੀ ਦੇ ਝਾੜੂ ਨੂੰ ਲੱਗ ਗਿਆ ਤੇ ਮੁੱਖ ਤੋਂ ਸਹਿਜ ਸੁਭਾਅ ਬਚਨ ਨਿਕਲਿਆ, ਬੱਚੀਏ, ਧਿਆਨ ਨਾਲ ਤੁਰ ਕਿਉਂਕਿ ਕੱਪੜੇ ਕੁੜੀਆਂ ਵਾਲੇ ਪਾਏ ਹੋਏ ਸਨ। ਮੁੱਖ ਤੋਂ ਬਚਨ ਨਿਕਲਿਆ ਤੇ ਉਸ ਬੱਚੇ ਦੇ ਸਾਰੇ ਅੰਗ ਕੁੜੀਆਂ ਵਾਲੇ ਹੋ ਗਏ।

***ਪ੍ਰਭ ਜੀ ਬਸਹਿ ਸਾਧ ਕੀ ਰਸਨਾ॥*** *(ਅੰਗ ੨੬੩)*

ਕਿੰਨੀ ਵਡਿਆਈ ਬਖਸ਼ੀ, ਗੁਰੂ ਸਾਹਿਬ ਨੇ ਸਿੱਖ ਨੂੰ। ਜੋ ਕਿਹਾ, ਉਹ ਪ੍ਰਤੱਖ ਹੋ ਗਿਆ। ਪਰ ਚਲੋ ਫਿਰ ਪੰਜਵੇਂ ਪਾਤਸ਼ਾਹ ਜੀ ਨੇ ਜੁਗਤੀ ਦਿੱਤੀ ਤੇ ਉਹ ਫਿਰ ਬੇਟਾ ਬਣਿਆ। ਅੱਗੇ ਦੇਖੀਏ। ਭਾਈ ਲੱਖੂ ਜੀ ਨੇ ਸਹਿਜ ਸੁਭਾਅ ਬਚਨ ਕੀਤਾ, ਬੁੱਧੂ ਦਾ ਆਵਾ ਕੱਚਾ ਤੇ ਦੇਖੋ ਕਿ ਘਰ ਵਿੱਚ ਚਰਨ ਪਏ, ਪੰਜਵੇਂ ਪਾਤਸ਼ਾਹ ਜੀ ਦੇ, ਸੰਗਤ ਦੇ ਪਰ ਭਾਈ ਬੁੱਧੂ ਜੀ ਦਾ ਆਵਾ ਕੱਚਾ ਹੀ ਨਿਕਲਿਆ। ਬੇਨਤੀ ਕੀਤੀ, ਭਾਈ ਲੱਖੂ ਜੀ ਨੇ ਤੇ ਪੰਜਵੇਂ ਪਾਤਸ਼ਾਹ ਜੀ ਨੇ ਕਿਹਾ, ਰੰਗੇ ਹੋਏ ਸਿੱਖ ਦਾ ਬਚਨ ਮੈਂ ਵੀ ਮੋੜ ਨਹੀਂ ਸਕਦਾ। ਸੱਤਵੇਂ ਪਾਤਸ਼ਾਹ ਜੀ ਨੇ ਕਾਬੁਲ ਦੀ ਸੰਗਤ ਨੂੰ ਕੀ ਕਿਹਾ, ਭਾਈ ਗੋਂਦਾ ਜੀ ਨੂੰ ਲੈ ਜਾਓ। ਇਹ ਸਤਿਸੰਗ ਕਰਨਗੇ ਤੇ ਇਨ੍ਹਾਂ ਵਿੱਚੋਂ ਸਾਡਾ ਰੂਪ ਹੀ ਦੇਖਣਾ। ਕਿੰਨੀ ਵਡਿਆਈ ਬਖਸ਼ੀ, ਮਹਾਰਾਜ ਜੀ ਨੇ ਆਪਣੇ ਸਿੱਖ ਨੂੰ। ਛੇਵੇਂ ਪਾਤਸ਼ਾਹ ਜੀ ਨੇ ਕੀ ਕਿਹਾ ਸੀ, ਭਾਈ ਬਿੱਧੀ ਚੰਦ ਜੀ ਨੂੰ ਬਿੱਧੀ ਚੰਦ ਛੀਨਾ, ਗੁਰੂ ਕਾ ਸੀਨਾ। ਇੰਨੇ ਰੀਝ ਗਏ, ਗੁਰੂ ਸਾਹਿਬ ਆਪਣੇ ਸਿੱਖ ਤੇ। ਸਿੱਖ ਵਿੱਚ ਗੁਰੂ ਦਾ ਝਲਕਾਰਾ। ਤੇ ਦਸਵੇਂ ਪਾਤਸ਼ਾਹ ਜੀ ਨੇ ਹੱਦ ਹੀ ਕਰ ਦਿੱਤਾ। ਪੰਜ ਪਿਆਰਿਆਂ ਬਾਰੇ ਕੀ ਪਾਵਨ ਬਚਨ ਕਹੇ: ਜਿੱਥੇ ਪੰਜ ਪਿਆਰੇ ਹੋਣਗੇ, ਉੱਥੇ ਗੁਰੂ ਆਪ ਵਰਤੇਗਾ।

ਇਤਿਹਾਸ ਦੇ ਇਹ ਪੰਨਿਆਂ ਨੂੰ ਉਜਾਗਰ ਕਰਨ ਦਾ ਮਨੋਰਥ ਕੋਈ ਹੋਰ ਨਹੀਂ, ਸਿਰਫ ਅੰਤਰ ਆਤਮੇ ਇਹ ਝਾਤੀ ਮਾਰਨੀ ਹੈ ਕਿ ਗੁਰੂ ਸਾਹਿਬ ਦੀ ਬਖਸ਼ੀ ਸੇਧ ਕੀ ਹੈ ਅਤੇ ਅਸੀਂ ਤੁਰ ਕਿਧਰ ਨੂੰ ਰਹੇ ਹਾਂ। ਅੱਜ ਗੁਰਦੁਆਰਾ ਸਾਹਿਬ ਵਿੱਚ ਗ੍ਰੰਥੀ ਸਿੰਘ ਜਾ ਉੱਥੋਂ ਦੇ ਸੇਵਾਦਾਰਾਂ ਦੀ ਕਦਰ ਬਹੁਤ ਘੱਟ ਗਈ ਹੈ। ਵਿੱਤੀ ਪੱਖੋਂ ਜਾਂ ਰਹਿਣ ਸਹਿਣ ਪੱਖੋਂ ਜਾਂ ਉਨ੍ਹਾਂ ਦੇ ਬੱਚਿਆਂ ਦੀ ਵਿਦਿਅਕ ਹਾਲਤ ਪੱਖੋਂ ਬਹੁਤ ਧਿਆਨ ਦੇਣ ਦੀ ਲੋੜ ਹੈ। ਗੁਰਮਤਿ ਸਮਾਗਮ ਵੱਡੀ ਪੱਧਰ ਤੇ ਹੋਣ, ਇਹ ਵੀ ਜ਼ਰੂਰੀ ਹੈ, ਮੁਬਾਰਕ ਹੈ ਜਿਹੜੀਆਂ ਸੰਸਥਾਵਾਂ ਗੁਰੂ ਸਾਹਿਬ ਦੀ ਕਿਰਪਾ ਨਾਲ ਉਪਰਾਲਾ ਕਰਦੀਆਂ ਹਨ ਪਰ ਇਸ ਦੇ ਨਾਲ-ਨਾਲ ਇਹ ਵੀ ਝਾਤੀ ਮਾਰਨ ਦੀ ਲੋੜ ਹੈ ਕਿ ਗੁਰੂ ਘਰ ਦੇ ਜਿਹੜੇ ਵਜ਼ੀਰ ਹਨ, ਸੇਵਾਦਾਰ ਹਨ, ਕੀਰਤਨੀ ਜੱਥੇ ਹਨ, ਉਨ੍ਹਾਂ ਦਾ ਆਰਥਿਕ ਗੁਜ਼ਾਰਾ ਸਹਿਜੇ ਹੀ ਹੋ ਰਿਹਾ ਹੈ ਜਾਂ ਉਨ੍ਹਾਂ ਕਿਸੇ ਦਾ ਮੁਹਤਾਜ ਹੋਣਾ ਪੈ ਰਿਹਾ ਹੈ। ਇਹ ਬਹੁਤ ਧਿਆਨ ਦੀ ਲੋੜ ਹੈ। ਗੁਰਦੁਆਰਾ ਕਮੇਟੀਆਂ ਤੇ ਆਮ ਸਿੱਖ ਸੰਗਤ ਇਸ ਬਾਰੇ ਜਾਗਰੂਕ ਹੋਣ ਕਿ ਇੱਕ ਤਾਂ ਉਨ੍ਹਾਂ ਦਾ ਆਰਥਿਕ ਪੱਖ ਤੋਂ ਖਿਆਲ ਰੱਖਿਆ ਜਾਵੇ ਤੇ ਦੂਜਾ ਉਨ੍ਹਾਂ ਦਾ ਮਾਣ ਸਨਮਾਨ ਪੂਰਾ ਹੋਣਾ ਚਾਹੀਦਾ ਹੈ ਤਾਂ ਕਿ ਉਹ ਆਪਣੇ ਆਪ ਨੂੰ ਗੁਰੂ ਘਰ ਦੇ ਗ੍ਰੰਥੀ ਜਾਂ ਕੀਰਤਨੀਏ ਜਾਂ ਸੇਵਾਦਾਰ ਆਖ ਕੇ ਮਾਣ ਮਹਿਸੂਸ ਕਰ ਸਕਣ। ਉਨ੍ਹਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੀ ਡਿਊਟੀ ਪੂਰਨ ਤਨਦੇਹੀ ਨਾਲ, ਗੁਰੂ ਦੇ ਪ੍ਰੇਮ ਵਿੱਚ ਕਰਨ। ਇਸ ਤਰ੍ਹਾਂ ਦੋਹਾਂ ਪਾਸਿਆਂ ਤੋਂ ਕੀਤੀ ਪਹਿਲਕਦਮੀ ਸਿੱਖ ਪੰਥ ਨੂੰ ਹੋਰ ਚੜ੍ਹਦੀਕਲਾ ਵਿੱਚ ਲਿਜਾਉਣ ਵਿੱਚ ਬਹੁਤ ਹੀ ਸਹਾਈ ਹੋਵੇਗੀ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥** ***—ਸੰਪਾਦਕ***

# ਸ਼੍ਰੋਮਣੀ ਸ਼ਹੀਦ ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਿਆਰੇ ਭਰੇ ਸਵਾਲ-ਜਵਾਬ

*—ਜਸਵਿੰਦਰ ਸਿੰਘ (ਪਟਿਆਲਾ)*

*ਬਸੰਤੁ ਹਿੰਡੋਲ ਮਹਲਾ ੪ ਘਰੁ ੨*
*ੴ ਸਤਿਗੁਰ ਪ੍ਰਸਾਦਿ ॥*
*ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥*
*ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥*
*ਮਾਧੋ ਸਾਧੂ ਜਨ ਦੇਹੁ ਮਿਲਾਇ ॥*
*ਦੇਖਤ ਦਰਸੁ ਪਾਪ ਸਭਿ ਨਾਸਹਿ*
*ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥*
*ਪੰਚ ਚੋਰ ਮਿਲਿ ਲਾਗੇ ਨਗਰੀਆ*
*ਰਾਮ ਨਾਮ ਧਨੁ ਹਿਰਿਆ ॥*
*ਗੁਰਮਤਿ ਖੋਜ ਪਰੇ ਤਬ ਪਕਰੇ*
*ਧਨੁ ਸਾਬਤੁ ਰਾਸਿ ਉਬਰਿਆ ॥੨॥*
*ਪਾਖੰਡ ਭਰਮ ਉਪਾਵ ਕਰਿ ਥਾਕੇ*
*ਰਿਦ ਅੰਤਰਿ ਮਾਇਆ ਮਾਇਆ ॥*
*ਸਾਧੂ ਪੁਰਖੁ ਪੁਰਖਪਤਿ ਪਾਇਆ*
*ਅਗਿਆਨ ਅੰਧੇਰੁ ਗਵਾਇਆ ॥੩॥*
*ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥*
*ਨਾਨਕ ਸਾਂਤਿ ਹੋਵੈ ਮਨ ਅੰਤਰਿ*
*ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥*

*(ਅੰਗ ੧੧੭੮)*

ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ।

ਜਨਵਰੀ ਦੇ ਮਹੀਨੇ ਬਾਬਾ ਜੀ ਦਾ ਆਗਮਨ ਦਿਹਾੜਾ ਆ ਰਿਹਾ ਹੈ। ਗੁਰੂ ਸਾਹਿਬ ਦੀ ਕਿਰਪਾ

## ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ

# ਸੇਵਾ ਕਰਨੀ ਕਿੰਨੀ ਜ਼ਰੂਰੀ ਹੈ?

ਨਾਲ ਜਦੋਂ ਮੰਗਣਾ ਹੈ:

*ਮਾਧੋ ਸਾਧੂ ਜਨ ਦੇਹੁ ਮਿਲਾਇ ॥*
*ਦੇਖਤ ਦਰਸੁ ਪਾਪ ਸਭਿ ਨਾਸਹਿ*
*ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥*

*(ਅੰਗ ੧੧੭੮)*

ਇਸ ਦਾ ਭਾਵ ਹੈ ਕਿ ਹੇ ਮਾਧੋ, ਜਿਨ੍ਹਾਂ ਨੇ ਮਨ ਨੂੰ ਸਾਧਿਆ ਹੈ, ਉਨ੍ਹਾਂ ਦੇ ਗੁਣਾਂ ਦੀ ਮੈਨੂੰ ਵੀ ਸੰਗਤ ਹੋ ਜਾਵੇ। ਉਸ ਦੇ ਗੁਣਾਂ ਤੇ ਮੈਂ ਵੀ ਆਪਣੀ ਜ਼ਿੰਦਗੀ ਤੋਰ ਲਵਾਂ। ਮੇਰਾ ਮੇਲ ਕਰਵਾ ਦੇ। ਧੰਨ ਬਾਬਾ ਦੀਪ ਸਿੰਘ ਜੀ ਦੇ ਪ੍ਰਤੱਖ ਦਰਸ਼ਨ ਹੋ ਜਾਣ ਤੇ ਪਤਾ ਨਹੀਂ ਸਹਾਰੇ ਵੀ ਜਾਣਗੇ ਜਾਂ ਨਹੀਂ ਪਰ ਇਹ ਮੰਗਣਾ ਹੈ :

*ਮਾਧੋ ਸਾਧੂ ਜਨ ਦੇਹੁ ਮਿਲਾਇ ॥*
*ਦੇਖਤ ਦਰਸੁ ਪਾਪ ਸਭਿ ਨਾਸਹਿ*
*ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥*

*(ਅੰਗ ੧੧੭੮)*

ਧੰਨ ਬਾਬਾ ਦੀਪ ਸਿੰਘ ਜੀ ਦੇ ਗੁਣਾਂ ਵਰਗੇ ਗੁਣ ਪੰਜ ਪੈਸੇ, ਦਸ ਪੈਸੇ ਸਾਡੇ ਵਿੱਚ ਵੀ ਆ ਜਾਣ।

ਸ਼੍ਰੋਮਣੀ ਕਮੇਟੀ ਨੇ ਅਰਦਾਸ ਵਿੱਚ ਇਹ ਲਫਜ਼ ਦਰਜ ਕੀਤੇ ਹੋਏ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਵੀ ਇਹ ਲਫਜ਼ ਬੋਲੇ ਜਾਂਦੇ ਹਨ। ਯੁੱਗ ਆ ਗਿਆ ਹੈ, ਟੀ.ਵੀ. ਦਾ, ਮੀਡੀਏ ਦਾ। ਹਰ ਸਿੱਖ ਦੇ ਘਰ ਵਿੱਚ ਇਹ ਲਫਜ਼ ਪਹੁੰਚਦੇ ਹਨ:

***ਸੇਈ ਪਿਆਰੇ ਮੇਲ***
***ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ।***

ਹੇ ਮੇਰੇ ਮਾਧੋ, ਹੇ ਮੇਰੇ ਵਾਹਿਗੁਰੂ! ਮੈਨੂੰ ਉਨ੍ਹਾਂ ਦਾ ਮੇਲ ਕਰਵਾਓ ਜਿਨ੍ਹਾਂ ਨੂੰ ਮੈਂ ਮਿਲਾਂ, ਪੜ੍ਹਾਂ ਤੇ ਮੈਨੂੰ ਤੇਰਾ ਨਾਮ ਚਿੱਤ ਆਵੇ।

ਬਾਬਾ ਜੀ ਦੇ ਗੁਣ ਕਿੱਥੋਂ ਪਤਾ ਲੱਗਣਗੇ? ਬਾਬਾ ਜੀ ਦਾ ਜੀਵਨ ਪੜ੍ਹ ਕੇ। ਜਦੋਂ ਗੁਰੂ ਕਲਗੀਧਰ ਪਿਤਾ ਜੀ ਨੇ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਾਲੀ ਜਗ੍ਹਾ ਖਾਲਸੇ ਦੀ ਸਿਰਜਨਾ ਕੀਤੀ, ਅੰਮ੍ਰਿਤ ਦੀ ਦਾਤ ਬਖਸ਼ੀ, ਬਾਬਾ ਜੀ ਨੂੰ ਪਹੂਵਿੰਡ ਸਾਹਿਬ ਵਿਖੇ ਭਰਪੂਰ ਚਾਅ ਚੜ੍ਹ ਗਿਆ ਕਿ ਮੈਂ ਵੀ ਅੰਮ੍ਰਿਤ ਛਕਣਾ ਹੈ। ਉਸ ਵੇਲੇ ਭਰਪੂਰ ਜਵਾਨੀ ਸੀ। ਹੁਣ ਕਛਹਿਰਾ ਪਹਿਨਣਾ ਹੈ, ਕਿਰਪਾਨ ਪਹਿਨਣੀ ਹੈ ਤੇ ਫਿਰ ਮਾਤਾ-ਪਿਤਾ ਜੀ ਨਾਲ ਆਏ, ਸ੍ਰੀ ਅਨੰਦਪੁਰ ਸਾਹਿਬ, ਅੰਮ੍ਰਿਤ ਦੀ ਦਾਤ ਲੈਣ ਲਈ। ਗੁਰੂ ਸਾਹਿਬ ਦੀ ਕਿਰਪਾ ਨਾਲ ਪਹੂਵਿੰਡ ਸਾਹਿਬ ਅਜਾਇਬ ਘਰ ਜਿਹੜਾ ਤਿਆਰ ਹੋਇਆ ਹੈ, ਉਸ ਵਿੱਚ ਇਹ ਸੀਨ ਹੈ ਕਿ ਬਾਬਾ ਜੀ ਆਪਣੇ ਪਰਿਵਾਰ ਨਾਲ ਆਉਂਦੇ ਹਨ। ਪੁਰਾਣੇ ਟਾਂਗੇ ਵਿਖਾਏ ਗਏ ਹਨ।

ਬਾਬਾ ਜੀ ਪਹੂਵਿੰਡ ਸਾਹਿਬ ਤੋਂ ਆਏ, ਸ੍ਰੀ ਅਨੰਦਪੁਰ ਸਾਹਿਬ, ਇੱਥੇ ਆ ਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਫਿਰ ਅੱਠ-ਦਸ ਦਿਨ ਬੀਤ ਗਏ। ਮਾਤਾ-ਪਿਤਾ ਜੀ ਕਹਿੰਦੇ, ਘਰ ਚਲੋ। ਬਾਬਾ ਜੀ ਕਹਿਣ ਲੱਗੇ, ਮੈਂ ਨਹੀਂ ਜਾਣਾ। ਗੁਰੂ ਕਲਗੀਧਰ ਪਿਤਾ ਜੀ ਕਹਿਣ ਲੱਗੇ ਕਿ ਤੁਹਾਡੇ ਮਾਤਾ ਜੀ ਕਹਿੰਦੇ ਹਨ ਕਿ ਘਰ ਵਾਪਸ ਚਲੀਏ। ਬਾਬਾ ਜੀ ਚੁੱਪ। ਮਾਲਕ ਨੂੰ ਕੀ ਜਵਾਬ ਦੇਵਾਂ? ਬਾਬਾ ਜੀ ਦੇ ਮਨ ਦੀ ਅਵਸਥਾ ਜਾਣ ਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤਾ, ਮਾਤਾ-ਪਿਤਾ ਜੀ ਨੂੰ, ਇਨ੍ਹਾਂ ਦਾ ਮਨ ਇੱਥੇ ਰਹਿ ਕੇ ਸੇਵਾ ਕਰਨ ਦਾ ਹੈ। ਇਹ ਦੀਪ ਹੈ। ਇਸ ਨੇ ਕਈ ਬੁਝੇ ਹੋਏ ਦੀਵੇ ਜਗਾਉਣੇ ਹਨ। ਦੇਖੋ, ਅੱਜ ਤੱਕ ਦੀਵੇ ਜਗਾ ਰਹੇ ਹਨ।

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥***
*(ਅੰਗ ੨੭੩)*

***ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥***
*(ਅੰਗ ੧੪੨੯)*

ਮਾਤਾ-ਪਿਤਾ ਜੀ ਚਲੇ ਗਏ। ਬਾਬਾ ਜੀ ਇੱਥੇ ਹੀ ਰਹਿ ਪਏ। ਇੱਥੇ ਰਹਿ ਕੇ ਸ਼ਸ਼ਤਰ ਵਿਦਿਆ ਸਿੱਖਣ ਲੱਗ ਪਏ, ਗੁਰਬਾਣੀ ਦੀ ਵਿਦਿਆ ਸਿੱਖਣ ਲੱਗ ਪਏ। ਅੱਜ ਆਪ ਜੀ ਦੇ ਨਾਲ ਗੁਰੂ ਸਾਹਿਬ ਦਾਸ ਕੋਲੋਂ ਬਾਬਾ ਜੀ ਦਾ ਉਹ ਸਮਾਂ ਸਾਂਝਾ ਕਰਵਾਉਣ ਜਿਸ ਦੀ ਅੱਜ ਦੇ ਜੀਵਨ ਵਿੱਚ ਬਹੁਤ ਲੋੜ ਹੈ।

ਇੱਕ ਦਿਨ ਬਾਬਾ ਦੀਪ ਸਿੰਘ ਜੀ ਸੰਗਤ ਦੇ ਜੂਠੇ ਕੌਲੇ ਮਾਂਜਦੇ ਪਏ ਸੀ। ਇਹ ਗੁਣ ਲੈਣਾ। ਬਾਬਾ ਜੀ ਕੌਲੇ ਮਾਂਜਦੇ ਪਏ। ਕੌਲਾ ਹੱਥ ਵਿੱਚ ਹੈ, ਨਾਲ-ਨਾਲ ਸਿਮਰਨ, ਨਾਲ-ਨਾਲ ਕੌਲਾ ਮਾਂਜ ਰਹੇ ਹਨ। ਇੰਨੀ ਕੁ ਲਿਵ ਲਗਾ ਕੇ ਕੌਲਾ ਮਾਂਜਦੇ ਪਏ ਹਨ ਕਿ ਧੰਨ ਗੁਰੂ ਗੋਬਿੰਦ ਸਿੰਘ ਜੀ ਨੂੰ ਦਸ ਮਿੰਟ ਹੋ ਗਏ ਕੋਲ ਖੜ੍ਹਿਆਂ ਪਰ ਬਾਬਾ ਜੀ ਦੀ ਲਿਵ ਲੱਗੀ ਹੋਈ ਹੈ ਕੌਲਾ ਮਾਂਜਣ ਵਿੱਚ। ਸਿੰਘ ਨਾਲ ਹੁੰਦੇ ਸੀ, ਗੁਰੂ ਕਲਗੀਧਰ ਪਿਤਾ ਜੀ ਦੇ। ਜਦੋਂ ਧਿਆਨ ਪਇਆ, ਗੁਰੂ ਸਾਹਿਬ ਕੋਲ ਖੜ੍ਹੇ ਹਨ ਤੇ ਕੌਲਾ ਹੱਥ ਵਿੱਚ ਹੈ, ਹੱਥ ਵੀ ਲਿਬੜੇ ਹੋਏ ਹਨ, ਸੁਆਹ ਨਾਲ ਤੇ ਡੰਡਉਤ ਕਰਕੇ ਗੁਰੂ ਸਾਹਿਬ ਨੂੰ ਕਹਿੰਦੇ ਹਨ, ਸਤਿਗੁਰੂ ਜੀ ਮੇਰੇ ਕੋਲੋਂ ਭੁੱਲ ਹੋ ਗਈ। ਆਪ ਜੀ ਕੋਲ ਖੜ੍ਹੇ ਸੀ ਤੇ ਮੇਰਾ ਧਿਆਨ ਹੀ

ਨਹੀਂ ਪਿਆ। ਬਖਸ਼ ਲੈਣਾ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਖੇਡ ਸਾਨੂੰ ਸੇਧ ਦੇਣ ਲਈ ਵਰਤਾਈ ਹੋਣੀ ਹੈ ਤੇ ਮਹਾਰਾਜ ਜੀ ਕਹਿਣ ਲੱਗੇ, ਦੀਪ ਸਿਆਂ, ਕੌਲੇ ਮਾਂਜਦਾ ਪਿਆ ਹੈਂ? ਬਾਬਾ ਜੀ ਨੇ ਬੇਨਤੀ ਕੀਤੀ, ਤੁਹਾਡੀ ਕਿਰਪਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਚਨ ਕੀਤਾ, ਅੱਜ ਇੱਕ ਗੱਲ ਦੱਸ, ਤੇਰੇ ਵਿੱਚ ਇੰਨੇ ਗੁਣ ਹਨ। ਤੂੰ ਇੰਨੀ ਬਾਨੀ ਪੜ੍ਹਦਾ ਹੈ। ਸ਼ਸ਼ਤਰ ਵਿਦਿਆ ਵੀ ਸਿੱਖ ਰਿਹਾ ਹੈ। ਗੁਰਬਾਨੀ ਦੀ ਵਿਦਿਆ ਵੀ ਸਿੱਖ ਰਿਹਾ ਹੈ। ਫਿਰ ਸੰਗਤ ਦੇ ਜੂਠੇ ਕੌਲੇ ਕਿਉਂ ਮਾਂਜ ਰਿਹਾ ਹੈਂ? ਧਿਆਨ ਦੇਣਾ। ਇਹ ਗੁਣ ਇਹੋ ਹੈ:

*ਮਾਧੋ ਸਾਧੂ ਜਨ ਦੇਹੁ ਮਿਲਾਇ ॥*
*ਦੇਖਤ ਦਰਸੁ ਪਾਪ ਸਭਿ ਨਾਸਹਿ*
*ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥*

*(ਅੰਗ ੧੧੭੮)*

ਇਹ ਅੰਦਰੋਂ ਅਰਦਾਸਾਂ ਕਰਿਆ ਕਰੋ ਕਿ ਮੈਨੂੰ ਉਨ੍ਹਾਂ ਦਾ ਸੰਗ ਦੇ ਕਿ ਮੈਂ ਉਨ੍ਹਾਂ ਦਾ ਇਤਿਹਾਸ ਪੜ੍ਹ ਕੇ ਕਰਤਾ ਨਾ ਬਣ ਜਾਵਾਂ, ਸੇਵਕ ਬਣਾਂ। ਇਸ ਲਈ ਅਤਿ ਜ਼ਰੂਰੀ ਸਾਧਨ ਹੈ ਸਤਿਸੰਗ ਜਿਸ ਨਾਲ ਸਾਡੇ ਅੰਦਰ ਚੰਗੇ ਗੁਣ ਪੈਦਾ ਹੁੰਦੇ ਹਨ।

ਦੁਆਪਰ ਯੁੱਗ ਦੇ ਅਵਤਾਰ ਸ੍ਰੀ ਕ੍ਰਿਸ਼ਨ ਜੀ ਦੀ ਗੇਂਦ ਖੇਡਦਿਆਂ-ਖੇਡਦਿਆਂ ਜਮਨਾ ਨਦੀ ਵਿੱਚ ਚਲੀ ਗਈ। ਜਦੋਂ ਜਮਨਾ ਵਿੱਚ ਗਏ, ਆਪਣੀ ਗੇਂਦ ਲੈਣ ਲਈ। ਜਮਨਾ ਵਿੱਚ ਕਾਲੀਆ ਨਾਗ ਰਹਿੰਦਾ ਸੀ। ਕ੍ਰਿਸ਼ਨ ਜੀ ਉਸ ਨਾਲ ਚੋਜ ਕਰਨ ਲੱਗ ਪਏ। ਕਦੀ ਉਸ ਦੀ ਸਿਰੀ ਨੂੰ ਮਰੋੜਨ ਤੇ ਕਦੀ ਪੂਛ ਨੂੰ ਮਰੋੜਨ ਤੇ ਕਾਲੀਆ ਨਾਗ ਸਾਹਮਣੇ ਆ ਕੇ ਕਹਿੰਦਾ ਹੈ, ਕ੍ਰਿਸ਼ਨ ਜੀ, ਐ ਸਮੇਂ ਦੇ ਅਵਤਾਰ, ਮੇਰੀ ਸਿਰੀ ਮਰੋੜਨੀ, ਮੇਰੀ ਪੂਛ ਮਰੋੜਨੀ ਮੁਬਾਰਕ ਹੈ। ਤੁਹਾਡੇ ਹੱਥ ਮੈਨੂੰ ਲੱਗ ਰਹੇ ਹਨ ਪਰ ਐ ਭਗਵਾਨ ਮੇਰੀ ਬੇਨਤੀ ਹੈ, ਜੇ ਅੱਜ ਜਮਨਾ ਵਿੱਚ ਉਤਰੇ ਹੋ, ਮੇਰੇ ਨਾਲ ਚੋਜ ਕਰਦੇ ਪਏ ਹੋ ਤੇ ਮੇਰੇ ਉੱਤੇ ਕਿਰਪਾ ਕਰੋ, ਮੇਰਾ ਜ਼ਹਿਰ ਵਰਗਾ ਸੁਭਾਅ ਬਦਲ ਦਿਓ। ਤੁਸੀਂ ਕਦੀ ਮੇਰੀ ਪੂਛ ਮਰੋੜਦੇ ਹੋ, ਕਦੀ ਸਿਰੀ ਮਰੋੜਦੇ ਹੋ। ਜੇ ਮੈਨੂੰ ਦੇਣਾ ਹੈ ਤੇ ਇਹ ਦੇ ਦਿਓ। ਮੇਰਾ ਜ਼ਹਿਰ ਵਰਗਾ ਸੁਭਾਅ ਬਦਲ ਦਿਓ। ਸਾਧ ਸੰਗਤ ਜੀ, ਧਿਆਨ ਦੇਣਾ। ਜਦੋਂ ਇੰਨੀ ਗੱਲ ਕਹੀ ਤੇ ਕ੍ਰਿਸ਼ਨ ਜੀ, ਦੁਆਪਰ ਯੁੱਗ ਦੇ ਅਵਤਾਰ, ਸੌਲਾਂ ਕਲਾਂ ਸੰਪੂਰਨ। ਅੱਗੋਂ ਕੀ ਕਹਿੰਦੇ ਹਨ, ਮੈਂ ਤੇਰਾ ਸੁਭਾਅ ਨਹੀਂ ਬਦਲ ਸਕਦਾ। ਹੁਣ ਜੇ ਸੁਭਾਅ ਬਦਲਣ ਦੀ ਗੱਲ ਹੋ ਜਾਵੇ ਤੇ ਕੰਸ ਦਾ ਬਦਲ ਦਿਆਂ ਤੇ ਯੁੱਧ ਵਿੱਚ ਜਾਣ ਦੀ ਲੋੜ ਹੀ ਨਹੀਂ। ਕਹਿਣ ਲੱਗੇ, ਮੈਂ ਤੇਰਾ ਸੁਭਾਅ ਨਹੀਂ ਬਦਲ ਸਕਦਾ ਤੇ ਕਾਲੀਆ ਨਾਗ ਕਹਿੰਦਾ ਹੈ, ਗੇਂਦ ਤੁਹਾਡੀ ਡਿੱਗੀ, ਭਲਾ ਮੇਰਾ ਹੋਇਆ ਤੇ ਬੱਸ ਮੇਰੇ ਨਾਲ ਚੋਜ ਕਰਕੇ ਚਲੇ ਜਾਵੋਗੇ। ਕ੍ਰਿਸ਼ਨ ਜੀ ਕਹਿੰਦੇ, ਮੈਂ ਤੇਰਾ ਜ਼ਹਿਰ ਵਰਗਾ ਸੁਭਾਅ ਨਹੀਂ ਬਦਲ ਸਕਦਾ ਪਰ ਇੱਕ ਢੰਗ ਹੈ। ਉਹ ਤੇਰੇ ਤੇ ਕਿਰਪਾ ਕਰ ਸਕਦਾ ਹਾਂ। ਕਹਿਣ ਲੱਗੇ, ਤੇਰੇ ਕਰਮ ਇਹੋ ਜਿਹੇ ਬਦਲ ਸਕਦਾ ਹਾਂ, ਇਹੋ ਜਿਹੀ ਬਿੱਧ ਬਣਾ ਸਕਦਾ ਹਾਂ ਕਿ ਤੈਨੂੰ ਸਤਿਸੰਗ ਮੇਲ ਸਕਦਾ ਹਾਂ ਜਿੱਥੇ ਜਾ ਕੇ ਤੇਰਾ ਜ਼ਹਿਰ ਵਰਗਾ ਸੁਭਾਅ ਤਬਦੀਲ ਹੋ ਸਕਦਾ ਹੈ। ਤੈਨੂੰ ਮੈਂ ਸਤਿਸੰਗ ਦੀ ਬਿੱਧ ਬਣਾ ਸਕਦਾ ਹਾਂ। ਜ਼ਹਿਰ ਵਰਗਾ ਸੁਭਾਅ ਸਤਿਸੰਗ ਬਦਲਾ ਸਕਦਾ ਹੈ। ਇਹ ਬੜੀ ਬਰੀਕੀ ਦੀ ਗੱਲ ਹੈ, ਗੁਰੂ ਪਿਆਰਿਓ। ਸੰਗਤ ਨਾ ਛੱਡਣਾ। ਜਿੰਨੇ ਕੰਮ ਜ਼ਰੂਰੀ ਹੋਣ, ਪਿੱਛੇ ਪਾ ਦੇਣਾ ਪਰ ਸੰਗਤ ਨਾ ਛੱਡਣਾ। ਜਿਨ੍ਹਾਂ ਨੇ ਕਮਾਈ ਕੀਤੀ ਹੁੰਦੀ ਹੈ, ਨਿਮਰਤਾ ਦੀ, ਸੇਵਕ ਬਣਨ ਦੀ, ਦਇਆ ਦੀ, ਇਹ ਅਰਦਾਸ ਕਰੋ ਕਿ ਉਨ੍ਹਾਂ ਦਾ ਇਤਿਹਾਸ ਪੜ੍ਹਨ ਦਾ, ਸੁਣਨ ਦਾ ਸਮਾਂ ਮਿਲੇ। ਉਸ ਨਾਲ ਸਾਡਾ ਜ਼ਹਿਰ ਵਰਗਾ ਵਿਕਾਰੀ ਸੁਭਾਅ ਬਦਲ ਸਕਦਾ ਹੈ। ਕਿਉਂਕਿ ਇਨ੍ਹਾਂ ਬਖਸ਼ਿਆਂ ਦੇ ਜੀਵਨ ਵਿੱਚੋਂ ਕਾਫੀ

ਕੁਝ ਮਿਲਦਾ ਹੈ। ਹੁਣ ਤੁਸੀਂ ਵੀ ਅੰਦਰੋਂ ਮੰਗੋ ਕਿ ਗਰੀਬ ਨਿਵਾਜ, ਸਾਡੇ ਤੇ ਵੀ ਕਿਰਪਾ ਕਰੋ।

*ਮਾਧੋ ਸਾਧੂ ਜਨ ਦੇਹੁ ਮਿਲਾਇ ॥*
*ਦੇਖਤ ਦਰਸੁ ਪਾਪ ਸਭਿ ਨਾਸਹਿ*
*ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥*

*(ਅੰਗ ੧੧੭੮)*

ਇਹ ਬੜੀ ਬਾਰੀਕ ਗੱਲ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਬਾਬਾ ਜੀ ਨੂੰ ਜਾਣ ਕੇ ਪੁੱਛਦੇ ਹਨ, ਤੇਰੇ ਵਿੱਚ ਇੰਨੇ ਗੁਣ ਹਨ ਪਰ ਕੌਲੇ ਕਿਉਂ ਮਾਂਜਦਾ ਪਿਆ ਹੈਂ? ਬਾਬਾ ਜੀ ਕਹਿੰਦੇ, ਸਤਿਗੁਰੂ ਜੀ ਮੈਂ ਕੌਲੇ ਤਾਂ ਮਾਂਜਦਾ ਪਿਆ ਹਾਂ, ਸੇਵਕ ਬਣ ਕੇ ਹੀ ਮੇਰੀ ਜ਼ਿੰਦਗੀ ਬਤੀਤ ਹੋ ਜਾਵੇ। ਮੈਂ ਕਿਤੇ ਕਰਤਾ ਨਾ ਬਣ ਜਾਵਾਂ। ਇਸ ਪੁਆਇੰਟ ਨੂੰ ਪਕੜਨਾ ਹੈ, ਕਿਉਂਕਿ ਕਈ ਬੀਬੀਆਂ ਬੱਚਿਆਂ ਨੂੰ ਵਾਜਾ ਸਿਖਾਉਂਦੀਆਂ ਹਨ। ਕਈ ਚੌਪਈ ਸਾਹਿਬ ਜੀ ਦੇ ਪਾਠ ਵੰਡਦੀਆਂ ਹਨ ਤੇ ਬਦੋਬਦੀ ਮਨ ਵਿੱਚ ਆ ਜਾਂਦਾ ਹੈ ਕਿ ਜੇ ਮੈਂ ਨਾ ਹੁੰਦੀ ਤੇ ਇੰਨੇ ਪਾਠ ਨਹੀਂ ਸੀ ਵੰਡੇ ਜਾਣੇ। ਫਿਰ ਤਾਂ ਕਰਤਾ ਬਣ ਗਏ। ਮੈਂ ਨਾ ਹੁੰਦੀ ਤੇ ਇੰਨੇ ਬੱਚਿਆਂ ਨੇ ਵਾਜਾ ਨਹੀਂ ਸੀ ਸਿੱਖਣਾ। ਫਿਰ ਤਾਂ ਕਰਤਾ ਬਣ ਗਏ। ਇਹ ਬਾਬਾ ਦੀਪ ਸਿੰਘ ਜੀ ਤੋਂ ਗੁਣ ਲਓ। ਸ਼ੁਕਰਾਨਾ ਕਰਿਆ ਕਰੋ, ਹੇ ਬਾਬਾ ਜੀ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸ਼ੁਕਰ ਹੈ, ਆਪ ਜੀ ਨੇ ਇੰਨੇ ਬੱਚਿਆਂ ਨੂੰ ਕੀਰਤਨ ਸਿਖਾਉਣ ਦੀ ਸੇਵਾ ਲੈ ਲਈ। ਹੇ ਸੱਚੇ ਪਾਤਸ਼ਾਹ ਜੀ, ਆਪ ਜੀ ਦਾ ਸ਼ੁਕਰ ਹੈ, ਇੰਨੇ ਖੁੱਲ੍ਹੇ ਪਾਠ ਵੰਡਣ ਦੀ ਸੇਵਾ ਤੁਸੀਂ ਮੇਰੇ ਗਰੀਬ ਕੋਲੋਂ ਲੈ ਲਈ ਹੈ। ਪਿਆਰਿਓ, ਕਮਾਈ ਸੰਭਾਲਣੀ ਸਿੱਖਣੀ ਹੈ ਤੇ ਇਹ ਬਖ਼ਸ਼ਿਆਂ ਕੋਲੋਂ ਹੀ ਸਿੱਖੀ ਜਾਵੇਗੀ। ਅਸੀਂ ਨਾਨਕ ਭਗਤੀ ਕਰਨੀ ਹੈ, ਰਾਵਣ ਭਗਤੀ ਨਹੀਂ ਕਰਨੀ।

ਬਾਬਾ ਨੰਦ ਸਿੰਘ ਜੀ ਇੱਕ ਵਾਰੀ ਇਸ਼ਨਾਨ ਕਰਦੇ ਪਏ ਸੀ। ਇੱਕ ਸੱਜਣ ਖੜ੍ਹਾ ਸੀ ਕੋਲ। ਉਸ ਦੇ ਮਨ ਵਿੱਚ ਫੁਰਨਾ ਬਣਿਆ। ਮੂੰਹੋਂ ਨਹੀਂ ਬੋਲਿਆ। ਸੋਚਣ ਲੱਗਾ ਕਿ ਬਾਬਾ ਜੀ ਦਾ ਰੰਗ ਥੋੜ੍ਹਾ ਕਾਲਾ ਹੈ। ਬਾਬਾ ਜੀ ਦਾ ਰੰਗ ਸਾਂਵਲਾ ਸੀ। ਫੁਰਨਾ ਹੀ ਬਣਿਆ ਹੈ। ਬਾਬਾ ਜੀ ਦਾ ਰੰਗ ਗੋਰਾ ਨਹੀਂ, ਸਾਂਵਲਾ ਜਿਹਾ ਹੈ ਤੇ ਬਾਬਾ ਜੀ ਕਹਿੰਦੇ, ਕੀ ਸੋਚਦਾ ਹੈਂ? ਮੇਰਾ ਰੰਗ ਕਾਲਾ ਹੈ ਤੇ ਕਹਿਣ ਲੱਗੇ ਕਿ ਪਤਾ ਹੈ ਕਿ ਇਹ ਕਿਉਂ ਕਾਲਾ ਹੈ? ਪਾਪ ਕਰਕੇ ਕਾਲਾ ਹੋ ਗਿਆ ਹੈ। ਵੇਖੋ, ਸਵਾ ਬਾਰ੍ਹਾਂ ਦਾ ਇਸ਼ਨਾਨ। ਇੱਕ ਸਵਾਸ ਬਿਰਥਾ ਨਹੀਂ ਜਾਂਦਾ ਪਰ ਮਨ ਕਿੱਥੇ ਰੱਖਿਆ ਸੇਵਕ ਬਣਾਂ। ਹੁਣ ਸਾਨੂੰ ਕੋਈ ਕਹਿ ਦੇਵੇ ਕਿ ਤੂੰ ਕਾਲੀ ਹੈਂ ਜਾਂ ਕਾਲਾ ਹੈਂ ਤੇ ਅੱਗੋਂ ਜਿੰਨੀ ਦੇਰ ਤੱਕ ਉਸਨੂੰ ਦਸ ਗੱਲਾਂ ਨਾ ਸੁਣਾ ਲਈਏ ਉਦੋਂ ਤੱਕ ਸਾਡੀ ਤਸੱਲੀ ਨਹੀਂ ਹੁੰਦੀ। ਮਹਾਂਪੁਰਸ਼ਾਂ ਦਾ ਜਵਾਬ ਵੇਖੋ, ਬਾਬਾ ਜੀ ਕਹਿੰਦੇ, ਪਾਪਾਂ ਕਰਕੇ ਕਾਲਾ ਹੋ ਗਿਆ ਹਾਂ, ਮੈਂ ਕੀ ਕਰਾਂ। ਧਾਰਨਾ ਪੜ੍ਹਾਉਂਦੇ ਸੀ।

*ਕਾਲੀ ਹੋ ਗਈ ਨਾਮ ਤੋਂ ਬਿਨਾਂ।*

ਦਾਸ ਬੇਨਤੀ ਕਰ ਰਿਹਾ ਹੈ, ਇਹ ਸੋਝੀ ਤੁਹਾਨੂੰ ਬਖ਼ਸ਼ਿਆਂ ਤੋਂ ਮਿਲੇਗੀ। ਅੰਮ੍ਰਿਤਸਰ ਵਿੱਚ ਬਾਬਾ ਈਸ਼ਰ ਸਿੰਘ ਜੀ ਨਹਿਰ ਤੇ ਦੀਵਾਨ ਲਗਾਉਂਦੇ ਸੀ ਤੇ ਪੰਜਾਹ-ਪੰਜਾਹ ਹਜ਼ਾਰ ਦਾ ਇਕੱਠ ਹੁੰਦਾ ਸੀ। ਧਿਆਨ ਦੇਣਾ। ਹੁਣ ਪੰਜਾਹ ਹਜ਼ਾਰ ਬੰਦਾ ਨਹਿਰ ਤੇ ਕੀਰਤਨ ਸੁਣਦਾ ਹੋਵੇ ਤੇ ਵੈਸੇ ਹੀ ਬੰਦੇ ਦੇ ਪੈਰ ਜ਼ਮੀਨ ਤੇ ਨਹੀਂ ਲੱਗਦੇ। ਬਦੋਬਦੀ ਅੰਦਰ ਹਉਮੈ ਦੀਆਂ ਛਾਲਾਂ ਵੱਜ ਜਾਂਦੀਆਂ ਹਨ। ਪੰਜਾਹ ਹਜ਼ਾਰ ਦੇ ਇਕੱਠ ਵਿੱਚ ਬਾਬਾ ਈਸ਼ਰ ਸਿੰਘ ਜੀ ਨੇ ਡੱਟ ਕੇ ਕਹਿਣਾ ਸੰਗਤ ਜੀ ਨਾ ਮੈਂ ਗੁਣੀ ਹਾਂ, ਨਾ ਗਿਆਨੀ ਹਾਂ, ਨਾ ਢਾਡੀ ਹਾਂ, ਨਾ ਰਾਗੀ ਹਾਂ, ਨਾ ਪ੍ਰਚਾਰਕ ਹਾਂ। ਮੈਂ ਤਾਂ ਬਾਬਾ ਨੰਦ ਸਿੰਘ ਜੀ ਦੇ ਦਰ ਤੇ ਝਾੜੂ ਦੇਣ ਵਾਲਾ ਸੇਵਾਦਾਰ ਹਾਂ। ਪੜ੍ਹੋ ਜੀ ਪਿਆਰ ਨਾਲ:

***ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ।***

*(ਵਾਰ ੨੯, ਪਉੜੀ ੧੩)*

ਸਤਿਗੁਰੂ ਜੀ ਤਰਸ ਕਰਕੇ ਕਈ ਵੀਰਾਂ ਜਾਂ ਬੀਬੀਆਂ ਕੋਲੋਂ ਅਲੱਗ-ਅਲੱਗ ਸੇਵਾਵਾਂ ਲੈਂਦੇ ਹਨ ਤੇ ਧਿਆਨ ਰੱਖਣਾ, ਸੇਵਾ ਕਰਕੇ ਕਿਤੇ ਕਰਤਾਪੰਨ ਨਾ ਆ ਜਾਵੇ। ਵੇਖੋ ਬਾਬਾ ਜੀ, ਕਿੰਨੀ ਉੱਚੀ ਪਦਵੀ ਤੇ ਪਹੁੰਚ ਕੇ ਵੀ ਸੰਗਤ ਦੇ ਜੂਠੇ ਕੌਲੇ ਮਾਂਜ ਰਹੇ ਹਨ। ਸਤਿਗੁਰੂ ਜੀ, ਸਾਨੂੰ ਜਾਂ ਉਸ ਸਮੇਂ ਦੇ ਹੋਰ ਸਿੱਖਾਂ ਨੂੰ ਪ੍ਰੇਰਨਾ ਦੇਣ ਲਈ ਬਾਬਾ ਦੀਪ ਸਿੰਘ ਜੀ ਨੂੰ ਪੁੱਛਦੇ ਹਨ, ਦੀਪ ਸਿਆਂ ਦੱਸ ਤਾਂ ਸਹੀ, ਕੌਲੇ ਕਿਉਂ ਮਾਂਜਦਾ ਹੈਂ? ਬਾਬਾ ਜੀ ਕਹਿਣ ਲੱਗੇ, ਸਤਿਗੁਰੂ ਜੀ, ਮਨ ਛਾਲਾਂ ਮਾਰ ਸਕਦਾ ਹੈ ਤੇ ਮੈਂ ਇਸ ਲਈ ਕੌਲੇ ਮਾਂਜਦਾ ਪਿਆ ਹਾਂ ਕਿ ਮੇਰੀ ਸੇਵਕ ਬਣ ਕੇ ਬੀਤ ਜਾਵੇ, ਕਿਤੇ ਕਰਤਾਪੰਨ ਨਾ ਆ ਜਾਵੇ।

ਪੰਜਾਹ-ਪੰਜਾਹ ਹਜ਼ਾਰ ਦਾ ਇਕੱਠ ਨਹਿਰ ਤੇ, ਬਾਬਾ ਈਸ਼ਰ ਸਿੰਘ ਜੀ ਕਹਿਣ ਲੱਗੇ, ਮੈਂ ਤਾਂ ਝਾੜੂ ਦੇਣ ਵਾਲਾ ਹਾਂ ਤੇ ਫਿਰ ਕਹਿਣਾ, ਮੈਂ ਪੜ੍ਹਿਆ ਲਿਖਿਆ ਨਹੀਂ। ਪੰਜਾਹ-ਪੰਜਾਹ ਹਜ਼ਾਰ ਦੇ ਇਕੱਠ ਵਿੱਚ ਕਹਿਣਾ, ਮੈਂ ਤਾਂ ਤਿੰਨ ਜਮਾਤਾਂ ਪੜ੍ਹਿਆ ਹਾਂ। ਬਾਬਾ ਈਸ਼ਰ ਸਿੰਘ ਜੀ ਦਾ ਬਚਨ, ਮੈਂ ਤਾਂ ਤਿੰਨ ਜਮਾਤਾਂ ਪੜ੍ਹਿਆ ਹਾਂ ਤੇ ਬਾਬਾ ਨੰਦ ਸਿੰਘ ਜੀ ਨੇ ਤਿੰਨ ਜਮਾਤਾਂ ਪੜ੍ਹਾਈਆਂ ਹਨ: ਭ-ਭੁੱਲ ਗਿਆ ਜੀ, ਭ- ਭਲਾ ਜੀ ਤੇ ਭ- ਭਾਣਾ ਜੀ।

ਬਾਬਾ ਈਸ਼ਰ ਸਿੰਘ ਜੀ ਨੇ ਬਚਨ ਸੁਣਾਇਆ ਕਹਿਣ ਲੱਗੇ, ਇੱਕ ਵਾਰੀ ਬਾਬਾ ਜੀ ਇੱਕ ਗੁਰਦੁਆਰੇ ਵੱਲ ਉਂਗਲ ਕਰਕੇ ਕਹਿਣ ਲੱਗੇ, ਕਿੰਨਾ ਸੁਹਣਾ ਬਣਿਆ ਹੈ। ਬਾਬਾ ਈਸ਼ਰ ਸਿੰਘ ਜੀ ਕਹਿੰਦੇ, ਮੈਂ ਅੱਗੋਂ ਕਹਿ ਦਿੱਤਾ, ਜੀ ਬਿਲਕੁਲ ਠੀਕ। ਹੁਣ ਅਸੀਂ ਬੋਲ ਨਹੀਂ ਸਕਦੇ, ਉਨ੍ਹਾਂ ਨੇ ਆਖਿਆ ਹੈ। ਬਾਬਾ ਈਸ਼ਰ ਸਿੰਘ ਜੀ ਕਹਿੰਦੇ, ਸਾਨੂੰ ਤਾੜ ਕਰਕੇ ਚਪੇੜ ਪਈ। ਕਿਉਂ ਪਈ? ਬਾਬਾ ਨੰਦ ਸਿੰਘ ਜੀ ਕਹਿੰਦੇ, ਬਿਲਕੁਲ ਠੀਕ, ਬਿਲਕੁਲ ਠੀਕ। ਇਹ ਕੀ ਹੁੰਦਾ ਹੈ? ਤੇਰੇ ਕੋਲੋਂ ਸਤਿ ਬਚਨ ਨਹੀਂ ਕਿਹਾ ਜਾਂਦਾ। ਧਿਆਨ ਦੇਣਾ। ਕਹਿੰਦੇ, ਇੱਕ ਵਾਰੀ ਅਸੀਂ ਕਹਿ ਬੈਠੇ- ਲੇਕਿਨ, ਲੇਕਿਨ। ਬਾਬਾ ਜੀ ਨੇ ਫਿਰ ਤਾੜਨਾ ਕੀਤੀ, ਬਿਲਕੁਲ ਠੀਕ, ਲੇਕਿਨ ਕਿਤੇ ਲਿਖਿਆ ਹੈ, ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿੱਚ। ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਲਫਜ਼, ਨਿਚੋੜ ਕੱਢੋ, ਗਰੀਬੀ ਦੀ ਪੜ੍ਹਾਈ ਹੈ। ਸਤਿ ਬਚਨ ਦੀ ਪੜ੍ਹਾਈ ਹੈ। ਨਿਮਰਤਾ ਦੀ ਪੜ੍ਹਾਈ ਹੈ। ਇਹ ਨਹੀਂ, ਇੱਥੇ ਤਾਂ ਸਤਿ ਬਚਨ ਦੀ ਪੜ੍ਹਾਈ ਹੈ। ਕੋਈ ਗੱਲ ਕਹਿਣੀ ਹੈ ਤੇ ਸਤਿ ਬਚਨ ਜੀ। ਇੰਨੀ ਬਾਰੀਕੀ ਕੱਢਦੇ ਸੀ ਤੇ ਲਫਜ਼ਾਂ ਵਿੱਚ ਵੀ ਗਰੀਬੀ ਆਵੇ, ਗੁਰੂ ਪਿਆਰਿਓ।

***ਬਿਸਰਿ ਗਈ ਸਭ ਤਾਤਿ ਪਰਾਈ ॥***
***ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥***

*(ਅੰਗ ੧੨੯੯)*

ਧੰਨ ਬਾਬਾ ਦੀਪ ਸਿੰਘ ਜੀ ਨੂੰ ਧੰਨ ਗੁਰੂ ਗੋਬਿੰਦ ਸਿੰਘ ਜੀ ਪੁੱਛਦੇ ਹਨ ਕਿ ਕੌਲੇ ਕਿਉਂ ਮਾਂਜਦੇ ਹੋ ਤੇ ਕਹਿਣ ਲੱਗੇ, ਮੈਂ ਤਾਂ ਮਾਂਜਦਾ ਹਾਂ, ਮਨ ਕਿਤੇ ਛਾਲ ਨਾ ਮਾਰ ਜਾਵੇ। ਮੇਰੀ ਜ਼ਿੰਦਗੀ ਸੇਵਕ ਬਣ ਕੇ ਬੀਤ ਜਾਵੇ। ਕਰਤਾਪੰਨ ਨਾ ਆ ਜਾਵੇ, ਗੁਰੂ ਪਿਆਰਿਓ ਪੜ੍ਹੋ ਜੀ ਪਿਆਰ ਨਾਲ:

***ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ।***

*(ਵਾਰ ੨੯, ਪਉੜੀ ੧੩)*

ਇਹ ਸਾਰੇ ਅਰਦਾਸ ਕਰਨਾ ਕਿ ਜ਼ਿੰਦਗੀ ਸੇਵਕ ਬਣ ਕੇ ਬੀਤ ਜਾਵੇ। ਬਾਬਾ ਦੀਪ ਸਿੰਘ ਜੀ ਵਰਗੇ ਗੁਣ ਕਿਤੇ ਕਿਨਕਾ ਮਾਤਰ ਸਾਡੇ ਵਿੱਚ ਆ ਜਾਣਗੇ ਤੇ ਇਹੋ ਸਾਡਾ ਮਿਲਣਾ ਹੈ ਕਿਉਂਕਿ ਬੂਟਾ ਇਹੋ ਜਿਹਾ ਬਾਬਾ ਜੀ ਬਣਾਈ ਜਾਂਦੇ ਹਨ ਕਿ ਕਿਸੇ ਤੋਂ ਅਭਿਆਸੀ ਕਮਰਿਆਂ ਦੀ ਸੇਵਾ ਲੈ ਰਹੇ ਹਨ। ਕਿਸੇ ਤੋਂ ਖੁੱਲ੍ਹੇ ਪਾਠ ਵੰਡਣ ਦੀ। ਕਿਸੇ ਤੋਂ ਸਹਿਜ ਪਾਠ ਵੰਡਣ ਦੀ। ਕਿਸੇ ਤੋਂ ਸੈਂਚੀਆਂ ਦੀ। ਕੋਈ ਸੈਂਚੀਆਂ ਲਿਜਾ ਰਿਹਾ ਹੈ। ਕਿਤੇ ਮਨ ਵਿੱਚ ਫੁਰਨਾ ਬਣ ਜਾਵੇ ਕਿ ਜੇ ਮੈਂ ਨਾ ਹੁੰਦਾ ਤੇ ਇੰਨੇ ਅਭਿਆਸੀ ਕਮਰੇ ਨਹੀਂ ਸੀ ਬਣਨੇ। ਮੈਂ ਨਾ ਹੁੰਦਾ, ਇੰਨੇ ਪਾਠ

ਚੌਪਈ ਸਾਹਿਬ, ਜਪੁ ਜੀ ਸਾਹਿਬ ਦੇ ਨਹੀਂ ਸੀ ਵੰਡੇ ਜਾਣੇ। ਜੇਕਰ ਸੇਵਾ ਕਰਕੇ ਮਨ ਵਿੱਚ ਇਹ ਆ ਜਾਵੇ ਤੇ ਸਮਝ ਲੈਣਾ ਕਿ ਅਸੀਂ ਕਰਤਾ ਬਣ ਗਏ।

ਗੁਰੂ ਸਾਹਿਬ ਦੀ ਕਿਰਪਾ ਨਾਲ ਭਲਾਈ ਕੇਂਦਰ ਦੇ ਇੱਕ ਜਥੇ ਨੂੰ ਅੰਮ੍ਰਿਤਸਰ ਤੋਂ ਬਾਹਰ ਭੇਜਿਆ। ਸੱਤ ਦਿਨ ਪਾਠਾਂ ਦੀਆਂ ਲੜੀਆਂ ਸ਼ੁਰੂ ਹੋਈਆਂ। ਸੰਗਤ ਦਾ ਇੰਨਾ ਮਨ ਭਿੱਜਿਆ ਕਿ ਲੋਕੀ ਬੈਂਕ ਜਾਣਾ ਛੱਡ ਗਏ, ਦਫਤਰ ਜਾਣਾ ਛੱਡ ਗਏ। ਉਨ੍ਹਾਂ ਦੇ ਕਦਮ ਹੀ ਉਸ ਘਰ ਵੱਲ ਜਾਂਦੇ ਜਿਧਰ ਲੜੀਆਂ ਰੱਖੀਆਂ ਹਨ। ਅਨੰਦ ਬੜਾ ਹੈ। ਦਸ-ਬਾਰ੍ਹਾਂ ਪਾਠਾਂ ਦੀਆਂ ਲੜੀਆਂ ਰੱਖੀਆਂ ਹਨ। ਉੱਥੇ ਪਹਿਲੀ ਵਾਰ ਇਹ ਪ੍ਰੋਗਰਾਮ ਬਣਿਆ ਤੇ ਇੰਝ ਕਹਿ ਲਵੋ ਕਿ ਜਿਵੇਂ ਪਿਆਸੀ ਧਰਤੀ ਨੂੰ ਕੋਈ ਇਹੋ ਜਿਹੀ ਚੀਜ਼ ਮਿਲੇ ਤੇ ਉਨ੍ਹਾਂ ਲਈ ਬੜੀ ਵੱਡੀ ਗੱਲ ਹੈ। ਕੋਈ ਨਵੀਂ ਚੀਜ਼ ਸ਼ੁਰੂ ਕਰਵਾਉਣੀ ਬੜੀ ਔਖੀ ਹੈ। ਹੁਣ ਜਦੋਂ ਸੱਤ ਦਿਨ ਬਾਅਦ ਲੜੀਆਂ ਦੇ ਭੋਗ ਪਏ, ਪਰਿਵਾਰ ਨੇ ਵੀ, ਗੁਰਦੁਆਰੇ ਦੇ ਪ੍ਰਧਾਨ ਵੀ, ਸਾਰਿਆਂ ਨੇ ਬੜਾ ਸਤਿਕਾਰ ਦਿੱਤਾ, ਉਸ ਜਥੇ ਨੂੰ। ਜਦੋਂ ਵਾਪਸ ਆਏ। ਦਾਸ ਨੂੰ ਪਤਾ ਲੱਗਾ, ਸਤਿਕਾਰ ਬੜਾ ਮਿਲਿਆ ਹੈ। ਦਾਸ ਨੇ ਕਿਹਾ ਕਿ ਕਿਤੇ ਪਾਸਾ ਨਾ ਉਲਟ ਜਾਵੇ। ਡਰ ਬੜਾ ਲੱਗਦਾ ਹੈ। ਜਦੋਂ ਉਹ ਜੱਥੇ ਵਾਲੇ ਸਿੰਘ ਆਏ, ਦਾਸ ਨੂੰ ਕਹਿਣ ਲੱਗੇ, ਸਮਾਪਤੀ ਹੋ ਗਈ। ਹੁਣ ਇੱਕ-ਦੋ ਦਿਨਾਂ ਵਿੱਚ ਦੋ-ਤਿੰਨ ਦਿਨਾਂ ਲਈ ਕਿਸੇ ਹੋਰ ਸ਼ਹਿਰ ਜਾਣਾ ਹੈ। ਉੱਥੇ ਵੀ ਸੱਤ ਦਿਨ ਲੜੀਆਂ ਹਨ। ਉਹ ਵੀ ਨਵੀਆਂ ਸ਼ੁਰੂ ਹੋਈਆਂ ਹਨ। ਦਾਸ ਨੇ ਕਿਹਾ, ਫੋਨ ਤੇ ਬਾਕੀ ਗੱਲ ਬਾਅਦ ਵਿੱਚ ਕਰਾਂਗੇ। ਪਹਿਲਾਂ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਇੱਕ ਘੰਟਾ ਜੋੜੇ ਝਾੜ ਕੇ ਆਓ। ਕਹਿਣ ਲੱਗੇ, ਉਹ ਕਿਉਂ? ਧਿਆਨ ਦੇਣਾ। ਦਾਸ ਨੇ ਕਿਹਾ ਕਿ ਫੋਨ ਤੇ ਰਿਪੋਰਟ ਆ ਗਈ ਹੈ ਕਿ ਸਿਰੋਪੇ ਬੜੇ ਪਏ ਹਨ। ਲੋਈਆਂ ਬੜੀਆਂ ਪਈਆਂ ਹਨ। ਸੰਗਤ ਨੇ ਬਹੁਤ ਸਤਿਕਾਰ ਦਿੱਤਾ ਹੈ ਤੇ ਕਿਤੇ ਇਹ ਫੁਰਨਾ ਨਾ ਬਣ ਜਾਵੇ ਕਿ ਇਹ ਸਭ ਕੁਝ ਮੇਰੇ ਕਰਕੇ ਹੀ ਹੋਇਆ ਹੈ। ਨਿਮਰਤਾ ਵਿੱਚ ਜੋੜੇ ਝਾੜ ਕੇ ਆਓ ਸੰਗਤਾਂ ਦੇ ਇੱਕ ਘੰਟਾ ਤੇ ਬਾਬਾ ਦੀਪ ਸਿੰਘ ਜੀ ਦੇ ਚਰਨਾਂ ਵਿੱਚ ਬੇਨਤੀ ਕਰਕੇ ਆਓ, ਬਾਬਾ ਜੀ, ਜਿੱਥੇ ਮਰਜ਼ੀ ਭੇਜੋ ਪਰ ਹੈ ਮੈਂ ਤੁਹਾਡੇ ਜੋੜੇ ਝਾੜਨ ਵਾਲਾ ਹੀ।

ਗੁਰੂ ਪਿਆਰਿਓ, ਜਿਤਨੇ ਰਾਗੀ ਜੱਥੇ, ਕੀਰਤਨੀਏ ਹਨ ਜਾਂ ਕਿਸੇ ਤੋਂ ਗੁਰੂ ਸਾਹਿਬ ਤਰਸ ਕਰਕੇ ਕਿਸੇ ਪ੍ਰਕਾਰ ਦੀ ਕੋਈ ਸੇਵਾ ਲੈਣ ਤੇ ਦਾਸ ਦੀ ਹੱਥ ਜੋੜ ਕੇ ਬੇਨਤੀ ਹੈ, ਸੇਵਾ ਨਿਭਾਉਣ ਉਪਰੰਤ ਜਾਂ ਕੀਰਤਨ ਕਰਨ ਉਪਰੰਤ ਗੁਰੂ ਘਰ ਜਾ ਕੇ ਸੰਗਤ ਦੇ ਜੋੜੇ ਝਾੜਿਆ ਕਰੋ। ਉਹ ਕਿਸ ਵਾਸਤੇ? ਸੱਚੇ ਪਾਤਸ਼ਾਹ ਜੀ, ਅਸੀਂ ਤੇਰੇ ਜੋੜੇ ਝਾੜਨ ਵਾਲੇ ਹਾਂ। ਸਾਡੀ ਸੇਵਕ ਬਣ ਕੇ ਬੀਤ ਜਾਵੇ। ਇਸ ਨਾਲ ਤੁਹਾਡੀ ਕੀਤੀ ਹੋਈ ਸੇਵਾ ਨੂੰ ਵਾੜ ਲੱਗ ਜਾਂਦੀ ਹੈ। ਜਿੱਥੋਂ ਤੁਸੀਂ ਹੋ ਕੇ ਆਏ ਹੁੰਦੇ ਹੋ, ਉਸ ਸੇਵਾ ਨੂੰ ਨਿਮਰਤਾ ਦੀ ਉੱਥੇ ਵਾੜ ਲੱਗ ਜਾਂਦੀ ਹੈ। ਤੁਹਾਡੀ ਨਿਮਰਤਾ ਨਾਲ ਉੱਥੇ ਗੁਰੂ ਸਾਹਿਬ ਦੀ ਵਾੜ ਲੱਗ ਜਾਂਦੀ ਹੈ ਤੇ ਕਮਾਈ ਸੰਭਾਲੀ ਰਹਿੰਦੀ ਹੈ, ਇਸ ਨੂੰ ਦਾਸ ਲਫਜ਼ਾਂ ਨਾਲ ਨਹੀਂ ਦੱਸ ਸਕਦਾ। ਇਸ਼ਾਰਾ ਲੈਣਾ।

ਧੰਨ ਬਾਬਾ ਦੀਪ ਸਿੰਘ ਜੀ ਦਾ ਗੁਣ। ਕੈਸਾ ਸੀਨ ਹੋਵੇਗਾ। ਮਾਲਕ ਕੋਲ ਖੜ੍ਹਾ ਹੋਵੇ। ਬਾਬਾ ਜੀ ਦੇ ਹੱਥ ਸੁਆਹ ਨਾਲ ਲਿਬੜੇ ਹੋਣ। ਕੌਲਾ ਹੱਥ ਵਿੱਚ ਫੜਿਆ ਹੋਵੇ ਤੇ ਇਹ ਸਵਾਲ ਕੀਤਾ, ਧੰਨ ਗੁਰੂ ਗੋਬਿੰਦ ਸਿੰਘ ਜੀ ਨੇ, ਕੌਲਾ ਕਿਉਂ ਮਾਂਜਦਾ ਪਿਆ ਹੈਂ? ਬਾਬਾ ਜੀ ਕਹਿਣ ਲੱਗੇ ਕਿ ਮੇਰੀ ਸੇਵਕ ਬਣ ਕੇ ਬੀਤ ਜਾਵੇ। ਮੈਂ ਕਰਤਾ ਨਾ ਬਣ ਜਾਵਾਂ। ਆਓ ਪੜ੍ਹੋ ਜੀ ਪਿਆਰ ਨਾਲ ਫਿਰ ਸਮਾਪਤੀ ਹੈ:

***ਮਾਧੋ ਸਾਧੂ ਜਨ ਦੇਹੁ ਮਿਲਾਇ ॥***
***ਦੇਖਤ ਦਰਸੁ ਪਾਪ ਸਭਿ ਨਾਸਹਿ***
***ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ ॥***

*(ਅੰਗ ੧੧੭੮)*

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਸੌਲ੍ਹਵਾਂ ਸਲੋਕ :***

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥੧੬॥***

*(ਅੰਗ ੧੪੨੭)*

ਜੋ ਕਿਸੇ ਨੂੰ ਡਰ ਨਹੀਂ ਦਿੰਦਾ ਅਤੇ ਨਾ ਹੀ ਕਿਸੇ ਦਾ ਡਰ ਮੰਨਦਾ ਹੈ। ਹੇ ਭਾਈ! ਸੁਣ, ਅਸਲ ਵਿੱਚ ਉਹੀ ਗਿਆਨਵਾਨ ਹੈ, ਗਿਆਨੀ ਹੈ।

ਭਗਤ ਨਾਮਦੇਵ ਜੀ ਤੇ ਸੰਤ ਮੰਡਲੀ ਨੇ ਦਿੱਲੀ ਜਮਨਾ ਘਾਟ ਤੇ ਡੇਰਾ ਲਾਇਆ ਹੋਇਆ ਸੀ ਕਿਉਂਕਿ ਉਹ ਤੀਰਥਾਂ ਦੀ ਯਾਤਰਾ ਕਰਦੇ ਹੋਏ ਬਿੰਦਰਾਬਨ ਤੋਂ ਇੱਥੇ ਆਏ ਸਨ। ਉਸ ਸਮੇਂ ਦਿੱਲੀ ਵਿੱਚ ਤੁਰਕਾਂ ਦਾ ਰਾਜ ਸੀ। ਮੁਹੰਮਦ ਬਿਨ ਤੁਗਲਕ ਦਿੱਲੀ ਦਾ ਬਾਦਸ਼ਾਹ ਸੀ। ਇਸ ਨੂੰ ਪਤਾ ਲੱਗਾ ਕਿ ਇੱਕ ਭਗਤ ਨਾਮਦੇਵ ਇੱਥੇ ਆਇਆ ਹੈ, ਉਹ ਕਰਾਮਾਤੀ ਤੇ ਸ਼ਕਤੀ ਵਾਲਾ ਹੈ। ਉਸਨੇ ਆਪਣੇ ਸਿਪਾਹੀ ਭੇਜ ਕੇ ਭਗਤ ਨਾਮਦੇਵ ਜੀ ਨੂੰ ਕਿਲ੍ਹੇ ਵਿੱਚ ਸੱਦ ਲਿਆ ਤੇ ਆਖਿਆ ਸੁਣਿਆ ਏ, ਤੂੰ ਬਹੁਤ ਕਰਾਮਾਤੀ ਹੈਂ, ਖੁਦਾ ਤੇਰੇ ਆਖੇ ਲੱਗਦਾ ਹੈ। ਜੇ ਇਹ ਗੱਲ ਸੱਚੀ ਹੈ ਤਾਂ ਆਪਣੇ ਭਗਵਾਨ ਨੂੰ ਆਖ ਉਹ ਮੇਰੀ ਮੋਈ ਗਾਂ ਜੀਉਂਦੀ ਕਰੇ ਨਹੀਂ ਤਾਂ ਤੇਰੀ ਗਰਦਨ ਧੜ ਨਾਲੋਂ ਵੱਖ ਕੀਤੀ ਜਾਵੇਗੀ।

***ਸੁਲਤਾਨੁ ਪੂਛੈ ਸੁਨੁ ਬੇ ਨਾਮਾ ॥***
***ਦੇਖਉ ਰਾਮ ਤੁਮ੍ਹਾਰੇ ਕਾਮਾ ॥੧॥***
***ਨਾਮਾ ਸੁਲਤਾਨੇ ਬਾਧਿਲਾ ॥***
***ਦੇਖਉ ਤੇਰਾ ਹਰਿ ਬੀਠੁਲਾ ॥੧॥ ਰਹਾਉ ॥***
***ਬਿਸਮਿਲਿ ਗਊ ਦੇਹੁ ਜੀਵਾਇ ॥***
***ਨਾਤਰੁ ਗਰਦਨਿ ਮਾਰਉ ਠਾਂਇ ॥੨॥***

*(ਅੰਗ ੧੧੬੫)*

ਇਹ ਗੱਲ ਸੁਣਕੇ ਭਗਤ ਜੀ ਡਰੇ ਨਹੀਂ ਕਿਉਂਕਿ ਗਿਆਨਵਾਨ ਪੁਰਖ ਨੂੰ ਦੁੱਖ ਸੁੱਖ ਆਪਣੇ ਪ੍ਰਭਾਵ ਵਿੱਚ ਨਹੀਂ ਬੰਨ੍ਹ ਸਕਦਾ।

***ਦੁਖੁ ਸੁਖੁ ਏ ਬਾਧੇ ਜਿਹ ਨਾਹਨਿ***
***ਤਿਹ ਤੁਮ ਜਾਨਉ ਗਿਆਨੀ ॥***

*(ਅੰਗ ੨੨੦)*

ਭਗਤ ਜੀ ਕਹਿਣ ਲੱਗੇ ਬਾਦਸ਼ਾਹ! ਭਗਵਾਨ ਦਾ ਸ਼ਰੀਕ ਕੋਈ ਨਹੀਂ। ਜੇ ਭਗਵਾਨ ਨੇ ਗਊ ਨੂੰ ਮਾਰਿਆ ਹੈ ਤਾਂ ਮੈਂ ਕੌਣ ਹਾਂ ਉਸਨੂੰ ਜਿਉਂਦੀ ਕਰਨ ਵਾਲਾ? ਜੰਮਣ-ਮਰਨ ਤੇ ਉਸ ਦੇ ਹੁਕਮ ਵਿੱਚ, ਉਸ ਦੀ ਰਜ਼ਾ ਵਿੱਚ ਹੁੰਦੇ ਹਨ। ਇਹ ਉਸ ਦੇ ਹੁਕਮ ਨਾਲ ਮਰੀ ਹੈ ਤੇ ਉਸ ਦੀ ਇੱਛਾ

ਨਾਲ ਹੀ ਜਿਉਂਦੀ ਹੋ ਸਕਦੀ ਹੈ।

ਇਹ ਗੱਲ ਸੁਣ ਕੇ ਬਾਦਸ਼ਾਹ ਨੂੰ ਗੁੱਸਾ ਚੜ੍ਹ ਗਿਆ। ਉਸਦੇ ਹੁਕਮ ਨਾਲ ਭਗਤ ਨਾਮਦੇਵ ਜੀ ਨੂੰ ਬੰਨ੍ਹ ਦਿੱਤਾ ਫਿਰ ਜਲਾਦਾਂ ਨੇ ਬੰਨ੍ਹ ਕੇ ਹਾਥੀ ਅੱਗੇ ਸੁੱਟਿਆ। ਹਾਥੀ ਸੁੰਡ ਨਾਲ ਭਗਤ ਨਾਮਦੇਵ ਜੀ ਨੂੰ ਮਾਰਨ ਲੱਗਾ। ਹਾਥੀ ਨੇ ਕਈ ਵਾਰ ਕੀਤੇ ਪਰ ਪ੍ਰਭੂ ਨੇ ਆਪ ਹੀ ਭਗਤ ਨਾਮਦੇਵ ਜੀ ਦੀ ਰੱਖਿਆ ਕੀਤੀ।

***ਕਰੈ ਗਜਿੰਦੁ ਸੁੰਡ ਕੀ ਚੋਟ ॥***
***ਨਾਮਾ ਉਬਰੈ ਹਰਿ ਕੀ ਓਟ ॥੮॥***

*(ਅੰਗ ੧੧੬੫)*

ਹੁਣ ਬਾਦਸ਼ਾਹ ਨੇ ਆਖਿਆ ਇੱਕ ਪਹਿਰ ਦਾ ਸਮਾਂ ਮੋਹਲਤ ਦਿੱਤੀ ਜਾਂਦੀ ਹੈ। ਇਸ ਸਮੇਂ ਵਿੱਚ ਗਊ ਜਿਵਾ ਦਿਓ ਨਹੀਂ ਤਾਂ ਕਤਲ ਕਰ ਦਿੱਤੇ ਜਾਵੋਗੇ। ਭਗਤ ਨਾਮਦੇਵ ਜੀ ਦੇ ਹੱਥ ਬੰਨ੍ਹੇ ਹੋਏ ਹਨ ਸੱਤ ਘੜੀਆਂ ਬੀਤ ਗਈਆਂ, ਲੋਕ ਅਰਦਾਸਾਂ ਕਰ ਰਹੇ ਹਨ।

***ਸਾਤ ਘੜੀ ਜਬ ਬੀਤੀ ਸੁਣੀ ॥***
***ਅਜਹੁ ਨ ਆਇਓ ਤ੍ਰਿਭਵਣ ਧਣੀ ॥੧੪॥***

*(ਅੰਗ ੧੧੬੬)*

ਭਗਤ ਨਾਮਦੇਵ ਜੀ ਅਜੇ ਸੋਚ ਹੀ ਰਹੇ ਸਨ ਕਿ ਭਗਵਾਨ ਜੀ ਦੇ ਦਰਸ਼ਨ ਹੋ ਗਏ ਤੇ ਉਹ ਭਗਤ ਜੀ ਨੂੰ ਕਹਿਣ ਲੱਗੇ, ਹੇ ਨਾਮਦੇਵ! ਜੇ ਤੂੰ ਕਹੇਂ ਤਾਂ ਮੈਂ ਧਰਤੀ ਟੇਢੀ ਕਰ ਦਿਆਂ, ਜੇ ਤੂੰ ਆਖੇ ਤਾਂ ਇਸ ਨੂੰ ਫੜਕੇ ਉਲਟਾ ਦਿਆਂ।

***ਕਹਹਿ ਤ ਧਰਣਿ ਇਕੋਡੀ ਕਰਉ ॥***
***ਕਹਹਿ ਤ ਲੇ ਕਰਿ ਊਪਰਿ ਧਰਉ ॥੧੭॥***

*(ਅੰਗ ੧੧੬੬)*

ਭਗਤ ਨਾਮਦੇਵ ਜੀ ਨੇ ਬਾਦਸ਼ਾਹ ਦਾ ਭੈ ਨਹੀਂ ਮੰਨਿਆ ਤੇ ਹੁਣ ਨਾ ਹੀ ਕਿਸੇ ਨੂੰ ਡਰਾਉਣਾ ਚਾਹੁੰਦੇ ਹਨ। ਕਹਿਣ ਲੱਗੇ ਭਗਵਾਨ ਜੀ! ਸਭ ਜੀਅ ਜੰਤ ਆਪ ਜੀ ਦੇ ਸਾਜੇ ਹੋਏ ਹਨ, ਇਨ੍ਹਾਂ ਨੂੰ ਕਸ਼ਟ ਦੇਣ ਦੀ ਥਾਂ ਆਪ ਗਊ ਹੀ ਜਿਊਂਦੀ ਕਰ ਦਿਓ।

ਭਗਵਾਨ ਨੇ ਮਰੀ ਗਊ ਜਿਊਂਦੀ ਕਰ ਦਿੱਤੀ ਤੇ ਗਊ ਦਾ ਦੁੱਧ ਚੋ ਕੇ ਸੁਲਤਾਨ ਦੇ ਅੱਗੇ ਧਰ ਦਿੱਤਾ ਪਰ ਜਦੋਂ ਬਾਦਸ਼ਾਹ ਆਪਣੇ ਮਹਿਲਾਂ ਵਿੱਚ ਗਿਆ ਤਾਂ ਉਸਦੇ ਪੇਟ ਵਿੱਚ ਦਰਦ ਹੋਣ ਲੱਗ ਪਿਆ।

***ਬਾਦਿਸਾਹੁ ਮਹਲ ਮਹਿ ਜਾਇ ॥***
***ਅਉਘਟ ਕੀ ਘਟ ਲਾਗੀ ਆਇ ॥੨੧॥***

*(ਅੰਗ ੧੧੬੬)*

ਹੁਣ ਜਿਹੜੇ ਅਹਿਲਕਾਰ, ਵਜ਼ੀਰ ਸੋਝੀ ਰੱਖਣ ਵਾਲੇ ਸਨ, ਉਨ੍ਹਾਂ ਨੇ ਬਾਦਸ਼ਾਹ ਨੂੰ ਕਿਹਾ ਕਿ ਤੁਸੀਂ ਇੱਕ ਰੱਬ ਦੇ ਪਿਆਰੇ ਦਾ ਦਿਲ ਦੁਖਾਇਆ ਹੈ ਤੇ ਇਹ ਕਸ਼ਟ ਇਹ ਦਰਦ ਤੁਹਾਡੇ ਤੇ ਇਸੇ ਕਰਕੇ ਹੀ ਆਇਆ ਹੈ। ਕਸ਼ਟ ਵਿੱਚ ਬਾਦਸ਼ਾਹ ਨੇ ਆਪਣੇ ਅਹਿਲਕਾਰਾਂ ਸਮੇਤ ਭਗਤ ਨਾਮਦੇਵ ਜੀ ਪਾਸ ਆ ਕੇ ਨਮਸਕਾਰ ਕਰਕੇ ਮੁਆਫੀ ਮੰਗੀ। ਮੈਨੂੰ ਬਖਸ਼ ਦੇਵੋ। ਭਗਤ ਜੀ ਨੇ ਆਖਿਆ ਰਾਜਨ ਅੱਗੋਂ ਵਾਸਤੇ ਧਰਮ ਦੇ ਰਸਤੇ ਚੱਲਣਾ। ਕਿਸੇ ਨੂੰ ਮੌਤ ਦਾ ਭੈ ਦਿਖਾ ਕੇ ਤੰਗ ਪ੍ਰੇਸ਼ਾਨ ਨਹੀਂ ਕਰਨਾ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਿਰਾਜਮਾਨ ਸਨ। ਉਸ ਸਮੇਂ ਕਸ਼ਮੀਰ ਦਾ ਗਵਰਨਰ ਇਫਤਾਰ ਖਾਂ ਉੱਥੋਂ ਦੇ ਬ੍ਰਾਹਮਣਾਂ ਨੂੰ ਮੌਤ ਦਾ ਭੈ ਦਿਖਾ ਕੇ ਜਬਰੀ ਮੁਸਲਮਾਨ ਬਣਾ ਰਿਹਾ ਸੀ। ਕਸ਼ਮੀਰੀ ਪੰਡਤਾਂ ਦਾ ਵਫਦ ਪੰਡਤ ਕਿਰਪਾ ਰਾਮ ਦੀ ਅਗਵਾਈ ਵਿੱਚ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਸ਼ਰਨ ਵਿੱਚ ਆਇਆ। ਸਤਿਗੁਰੂ ਜੀ ਨੇ ਉਨ੍ਹਾਂ ਨੂੰ

ਨਿਡਰਤਾ ਤੇ ਨਿਰਭੈਤਾ ਦਾ ਉਪਦੇਸ਼ ਕੀਤਾ ਤੇ ਕਿਹਾ ਤੁਸੀਂ ਬੇ-ਸ਼ੱਕ ਔਰੰਗਜੇਬ ਬਾਦਸ਼ਾਹ ਨੂੰ ਲਿਖ ਭੇਜੋ ਕਿ ਜੇ ਗੁਰੂ ਤੇਗ ਬਹਾਦਰ ਜੀ ਮੁਸਲਮਾਨ ਬਣ ਗਏ ਤਾਂ ਅਸੀਂ ਸਾਰੇ ਹੀ ਇਸਲਾਮ ਕਬੂਲ ਕਰ ਲਵਾਂਗੇ।

ਸਤਿਗੁਰੂ ਜੀ ਨੇ ਬਾਦਸ਼ਾਹ ਦਾ ਕੋਈ ਭੈ ਨਹੀਂ ਮੰਨਿਆ। ਫਿਰ ਜਦੋਂ ਸ਼ਹੀਦੀ ਦੇਣ ਵਾਸਤੇ ਦਿੱਲੀ ਗਏ ਤਾਂ ਮੁਗਲ ਸਰਕਾਰਾਂ ਨੇ ਤਿੰਨ ਪੇਸ਼ਕਸ਼ਾਂ ਰੱਖੀਆਂ ਕਿ ਜਾਂ ਉਹ ਮੁਸਲਮਾਨ ਬਣ ਜਾਣ ਜਾਂ ਕੋਈ ਕਰਾਮਾਤ ਕਰਕੇ ਦਿਖਾਉਣ ਜਾਂ ਉਹ ਮੌਤ ਕਬੂਲ ਕਰਨ। ਸਤਿਗੁਰੂ ਜੀ ਨੇ ਸਰਬ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ ਵੀ ਕੋਈ ਕਰਾਮਾਤ ਦਿਖਾ ਕੇ ਉਨ੍ਹਾਂ ਨੂੰ ਭੈ-ਭੀਤ ਨਹੀਂ ਕੀਤਾ। ਸੀਸ ਦੇਣ ਲਈ ਤਿਆਰ ਹੋ ਗਏ। ਫਿਰ ਉਨ੍ਹਾਂ ਸਤਿਗੁਰੂ ਜੀ ਨੂੰ ਭੈ-ਭੀਤ ਕਰਨ ਲਈ ਭਾਈ ਮਤੀਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ, ਭਾਈ ਦਿਆਲਾ ਜੀ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾ ਕੇ ਸ਼ਹੀਦ ਕੀਤਾ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਉੱਪਰ ਤੇਲ ਛਿੜਕ ਕੇ ਇੱਕ ਥੰਮ੍ਹ ਨਾਲ ਬੰਨ੍ਹ ਕੇ ਜਿਉਂਦੇ ਸਾੜ ਕੇ ਸ਼ਹੀਦ ਕੀਤਾ। ਗੁਰੂ ਸਾਹਿਬ ਫਿਰ ਵੀ ਭੈ-ਭੀਤ ਨਾ ਹੋਏ ਕਿਉਂਕਿ ਪੂਰਾ ਗੁਰੂ ਨਿਰਭਉ ਹੈ, ਉਹ ਤਾਂ ਲੋਕਾਂ ਦੇ ਜਨਮ, ਮਰਨ ਅਤੇ ਜਮਾਂ ਦੇ ਡਰਾਂ ਨੂੰ ਵੀ ਉਤਾਰ ਦਿੰਦਾ ਹੈ।

***ਗੁਰ ਪੂਰਾ ਨਿਰਭਉ ਸਦਾ***
***ਜਨਮ ਮਰਣ ਜਮ ਡਰੈ ਉਤਾਰੇ।***

***(ਵਾਰ ੨੬, ਪਉੜੀ ੧੯)***

ਇਸ ਲਈ ਸਤਿਗੁਰੂ ਜੀ ਕਹਿੰਦੇ ਹਨ, ਗਿਆਨਵਾਨ ਪੁਰਖ ਨਾ ਕਿਸੇ ਨੂੰ ਭੈ ਦਿੰਦਾ ਹੈ ਤੇ ਨਾ ਕਿਸੇ ਦਾ ਭੈ ਮੰਨਦਾ ਹੈ।

❑❑❑

***ਨੌਵੇਂ ਪਾਤਸ਼ਾਹ ਜੀ ਦਾ ਸਤਾਰ੍ਹਵਾਂ ਸਲੋਕ :***

***ਜਿਹ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ ॥***
***ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥੧੭॥***

***(ਅੰਗ ੧੪੨੭)***

ਜਿਸ ਨੇ ਸਾਰੀ ਮਾਇਆ ਦੀ ਵਾਸ਼ਨਾ ਨੂੰ ਛੱਡ ਕੇ ਤਿਆਗੀ ਦਾ ਭੇਖ ਧਾਰਨ ਕਰ ਲਿਆ ਹੈ। ਹੇ ਭਾਈ! ਸੁਣ, ਉਸ ਪੁਰਸ਼ ਦੇ ਉੱਤਮ ਭਾਗ ਹਨ।

ਮਨੁੱਖੀ ਜੀਵਨ ਨਿਰਬਾਹ ਕਰਨ ਵਾਸਤੇ ਧਨ ਕਮਾਉਣਾ ਸ਼ੁਰੂ ਕਰਦਾ ਹੈ ਪਰ ਸਹਿਜੇ-ਸਹਿਜੇ ਇਸ ਨਾਲ ਇਤਨਾ ਮੋਹ ਬਣ ਜਾਂਦਾ ਹੈ ਕਿ ਧਨ ਹੀ ਜ਼ਿੰਦਗੀ ਦਾ ਆਸਰਾ ਬਣ ਜਾਂਦਾ ਹੈ। ਗਰੀਬ ਵਿਚਾਰਾ ਤਾਂ ਮਾਇਆ ਪਿੱਛੇ ਝੂਰਦਾ ਹੈ ਪਰ ਜਿਨ੍ਹਾਂ ਨੂੰ ਵਾਹਿਗੁਰੂ ਨੇ ਸਾਰੇ ਪਦਾਰਥ ਬਖਸ਼ੇ ਹਨ, ਰਾਜ-ਭਾਗ ਬਖਸ਼ਿਆ ਹੈ, ਇਹ ਮਾਇਆ ਦੀ ਵਾਸ਼ਨਾ ਉਨ੍ਹਾਂ ਨੂੰ ਵੀ ਟਿਕਣ ਨਹੀਂ ਦਿੰਦੀ ਤੇ ਰਾਤ ਦਿਨੇ ਭਜਾਈ ਫਿਰਦੀ ਹੈ। ਗਰੀਬ ਅੰਦਰ ਧਨ ਦੀ ਵਾਸ਼ਨਾ ਹੈ ਤਾਂ ਉਹ ਇੱਕ ਛੋਟੀ ਜਿਹੀ ਪਾਣੀ ਦੀ ਨਾਲੀ ਦੀ ਤਰ੍ਹਾਂ ਹੈ, ਪਰ ਅਮੀਰ ਦੇ ਅੰਦਰ ਤਾਂ ਇਹ ਇਸ ਤਰ੍ਹਾਂ ਹੈ ਜਿਵੇਂ ਠਾਠਾਂ ਮਾਰਦਾ ਦਰਿਆ। ਬਲਕਿ ਜਿਨ੍ਹਾਂ ਨੇ ਰਾਜ-ਭਾਗ ਵੀ ਤਿਆਗ ਦਿੱਤੇ, ਮਾਇਆ ਉਨ੍ਹਾਂ ਦੇ ਵੀ ਮਗਰ ਭੱਜੀ ਫਿਰਦੀ ਹੈ ਤੇ ਉਨ੍ਹਾਂ ਨੂੰ ਵੀ ਭਰਮਾ ਲੈਂਦੀ ਹੈ।

ਰਾਜਾ ਭਰਥਰੀ ਜੀ ਨੂੰ ਜਦ ਵੈਰਾਗ ਹੋਇਆਂ ਤਾਂ ਉਨ੍ਹਾਂ ਰਾਜ-ਭਾਗ ਤਿਆਗ ਦਿੱਤਾ ਤੇ ਜੋਗ ਮਤ ਨੂੰ ਧਾਰਨ ਕਰ ਲਿਆ ਪਰ ਮਾਇਆ ਦੀ ਵਾਸ਼ਨਾ ਨੇ ਉੱਥੇ ਵੀ ਪਿੱਛਾ ਨਹੀਂ ਛੱਡਿਆ। ਇੱਕ ਦਿਨ ਭਰਥਰੀ ਤੁਰੇ ਜਾਂਦੇ ਸਨ ਤਾਂ ਰਾਹ ਵਿੱਚ ਕਿਸੇ ਪੁਰਖ ਦੀ ਥੁੱਕ ਪਈ ਹੋਈ ਸੀ। ਇਨ੍ਹਾਂ ਨੇ ਲਾਲ ਸਮਝ ਕੇ

*—ਬਾਕੀ ਹਿੱਸਾ ਪੰਨਾ 33 'ਤੇ ਪੜ੍ਹੋ ਜੀ*

# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

480. **ਸਵਾਲ: ਸਤਿਕਾਰਯੋਗ ਵੀਰ ਜੀ, ਸੰਗਤ ਵਿੱਚ ਆ ਕੇ ਯਾਦ ਰਹਿੰਦਾ ਹੈ, ਨਿਤਨੇਮ ਸਮੇਂ ਸਿਰ ਕਰਨਾ ਹੈ, ਨਿਮਰਤਾ ਰੱਖਣੀ ਹੈ, ਕੋਈ ਗਲਤ ਕੰਮ ਨਹੀਂ ਕਰਨਾ ਪਰ ਸੰਗਤ ਤੋਂ ਉੱਠ ਕੇ ਜਦੋਂ ਘਰ ਜਾਈਦਾ ਹੈ ਤੇ ਫਿਰ ਸਭ ਕੁਝ ਵਿਸਰ ਜਾਂਦਾ ਹੈ? ਅਜਿਹਾ ਕਿਉਂ?**

**ਜਵਾਬ:** ਇਹ ਕਈਆਂ ਦਾ ਸਵਾਲ ਹੁੰਦਾ ਹੈ। ਸੰਗਤ ਵਿੱਚ ਤਾਂ ਆ ਕੇ ਮਨ ਭਿੱਜਦਾ ਹੈ, ਚਿੱਤ ਕਰਦਾ ਹੈ ਕਿ ਮਾੜੀ ਚੀਜ਼ ਦੇਖਣ ਤੋਂ ਸੰਕੋਚ ਰੱਖਿਆ ਜਾਵੇ, ਪਰ ਜਦੋਂ ਸੰਗਤ ਤੋਂ ਬਾਹਰ ਜਾਈਦਾ ਹੈ ਤੇ ਫਿਰ ਚਿੱਤ ਤੋਂ ਵਿਸਰ ਜਾਂਦਾ ਹੈ।

ਸਾਡੇ ਸਿੱਖ ਇਤਿਹਾਸ ਵਿੱਚ ਬੜੀ ਪਿਆਰੀ ਵਾਰਤਾ ਸਾਹਮਣੇ ਆਉਂਦੀ ਹੈ ਜਿਸ ਤੋਂ ਇਸ ਪ੍ਰਸ਼ਨ ਦੇ ਸਮਾਧਾਨ ਦੀ ਸਹਿਜੇ ਹੀ ਰੋਸ਼ਨੀ ਮਿਲਦੀ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕੋਲ ਪੰਜ ਸਿੱਖ ਆਏ ਹਨ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਇਸ ਜ਼ਿਕਰ ਨੂੰ ਲਿਖਿਆ ਹੈ।

ਪਹਿਲੇ ਸਿੱਖ ਦਾ ਨਾਂ ਆਇਆ ਹੈ, ਅਨਦ ਮੁਰਾਰੀ ਜਿਸ ਦੀ ਮਤ ਬਹੁਤ ਮਹਾਨ ਸੀ। ਇਹ ਸਿੱਖ ਆਤਮ ਗਿਆਨੀ ਸੀ।

***ਅਨਦ ਮੁਰਾਰੀ ਸੁਮਤਿ ਮਹਾਨੀ।***
***ਮਹਾਂਪੁਰਖ ਸਿਖ ਆਤਮਗਯਾਨੀ॥੧੩॥***

ਦੂਜੇ ਸਿੱਖ ਦਾ ਨਾਂ ਆਇਆ ਹੈ, ਨਾਨੋ, ਤੀਜੇ ਦਾ ਲਟਕਨ।

***ਨਾਨੋ ਲਟਕਣ ਜਾਤਿ ਸੁਜਾਨਾ।***

ਚੌਥਾ ਬਿੰਦਰਾਓ, ਪੰਜਵਾਂ ਕਲਿਆਣਾ।

***ਬਿੰਦੁਰਾਉ ਸਿਖ ਮਿਲਿ ਕੱਲਯਾਣਾ।***

ਇਨ੍ਹਾਂ ਨੇ ਅਰਜ਼ ਗੁਜ਼ਾਰੀ, ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕੋਲ। ਮਹਾਰਾਜ ਜੀ, ਇੱਕ ਅਰਜ਼ ਹੈ।

***ਕਰਿ ਬੰਦਨ ਕੋ ਅਰਜ਼ ਗੁਜ਼ਾਰੀ।***
***'ਗੁਰੂ ਗਰੀਬ ਨਿਵਾਜ ਮੁਰਾਰੀ!॥੧੫॥***

ਹੇ ਗਰੀਬਾਂ ਨੂੰ ਨਿਵਾਜਣ ਵਾਲੇ, ਧੰਨ ਗੁਰੂ ਅਰਜਨ ਜੀ ਮਹਾਰਾਜ, ਇੱਕ ਸਵਾਲ ਹੈ? ਇੱਕ ਅਰਜ਼ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ, ਦੱਸੋ, ਭਾਈ ਕੀ ਸਵਾਲ ਹੈ, ਕੀ ਪ੍ਰਸ਼ਨ ਹੈ? ਦੱਸਣਾ ਕਰੋ, ਭਾਈ।

***ਸੁਨਤਿ ਗੁਰੂ ਤੇ ਸਭਿਨਿ ਬਖਾਨਾ।***
***'ਹਮ ਜਬਿ ਸਬਦ ਸੁਨਹਿ ਦੇ ਕਾਨਾ॥੧੭॥***

ਇਹ ਪੰਜਾਂ ਨੇ ਕੀ ਆਖਿਆ, ਸਤਿਗੁਰੂ ਜੀ ਇਹ ਸਵਾਲ ਹੈ ਕਿ ਜਦੋਂ ਅਸੀਂ ਸੰਗਤ ਵਿੱਚ ਆ ਕੇ ਸ਼ਬਦ ਸੁਣਦੇ ਹਾਂ, ਜਦੋਂ ਸੰਗਤ ਵਿੱਚ ਆ ਕੇ ਕਥਾ ਸੁਣਦੇ ਹਾਂ, ਜਦੋਂ ਸੰਗਤ ਵਿੱਚ ਆ ਕੇ ਵਿਚਾਰ ਸੁਣਦੇ ਹਾਂ।

***ਤਬ ਮਨ ਨਿੰਮ੍ਰ ਸਿਮਰਿ ਸਤਿਨਾਮ।***

ਉਸ ਵੇਲੇ ਸੰਗਤ ਵਿੱਚ ਬੈਠ ਕੇ ਮਨ ਕਹਿੰਦਾ ਹੈ, ਹੁਣ ਨਿਮਰਤਾ ਵਿੱਚ ਰਹਿਣਾ ਹੈ, ਹੁਣ ਨਾਮ ਜਪਣਾ ਹੈ। ਜਦੋਂ ਸੰਗਤ ਵਿੱਚ ਕਥਾ-ਕੀਰਤਨ ਸੁਣਦੇ ਹਾਂ, ਪਿਤਾ ਜੀ, ਉਦੋਂ ਮਨ ਕਹਿੰਦਾ ਹੈ, ਅੱਜ ਤੋਂ ਬਾਅਦ ਕਿਸੇ ਨਾਲ ਕਰੋਧ ਨਹੀਂ ਕਰਨਾ, ਕਿਸੇ ਨਾਲ ਮਾੜਾ ਨਹੀਂ ਕਰਨਾ। ਅੱਜ ਤੋਂ ਬਾਅਦ ਨਾਮ ਨਾਲ ਜੁੜਨਾ ਹੈ। ਸਿਮਰਨ ਵਿੱਚ ਰਹਿਣਾ ਹੈ। ਬੰਦਗੀ ਵਿੱਚ ਰਹਿਣਾ ਹੈ। ਇਹ ਸਿੱਖਾਂ ਨੇ ਸਵਾਲ ਕੀਤਾ, ਸਤਿਗੁਰੂ ਜੀ :

***'ਹਮ ਜਬਿ ਸਬਦ ਸੁਨਹਿ ਦੇ ਕਾਨਾ॥੧੭॥***

ਜਦੋਂ ਸੰਗਤ ਵਿੱਚ ਕਥਾ-ਕੀਰਤਨ ਸੁਣਦੇ ਹਾਂ:

***ਤਬ ਮਨ ਨਿੰਮ੍ਰ ਸਿਮਰਿ ਸਤਿਨਾਮ।***

ਉਦੋਂ ਨਿਮਰਤਾ ਵੀ ਆ ਜਾਂਦੀ ਹੈ, ਉਦੋਂ ਮਨ ਫੈਸਲਾ ਵੀ ਲੈ ਲੈਂਦਾ ਹੈ, ਨਾਮ ਜਪਣਾ ਹੈ। ਇੰਨਾ ਕੁਝ ਨਾਮ ਵਿੱਚ ਹੈ।

***ਪੁਨ ਬਿਵਹਾਰ ਕਰਹਿ ਜਬਿ ਧਾਮ।***

ਜਦੋਂ ਅਸੀਂ ਫਿਰ ਸੰਗਤ ਵਿੱਚੋਂ ਉੱਠ ਕੇ, ਸਮਾਪਤੀ ਤੇ ਆਪਣੇ ਨਿੱਜੀ ਜਗ੍ਹਾ ਤੇ ਜਾਂਦੇ ਹਾਂ ਜਿੱਥੇ ਕੰਮ-ਕਾਰ ਹੈ ਸਾਡਾ ਜਾਂ ਘਰ ਜਾਂਦੇ ਹਾਂ।

***ਪੁਨ ਬਿਵਹਾਰ ਕਰਹਿ ਜਬਿ ਧਾਮ।***
***ਬਿਸਰ ਜਾਤਿ ਨਹਿ ਚਿਤ ਮਹਿ ਰਹੈ।'***

ਮਹਾਰਾਜ ਜੀ, ਸੰਗਤ ਵਿੱਚ ਯਾਦ ਰਹਿੰਦਾ ਹੈ। ਸੰਗਤ ਵਿੱਚ ਯਾਦ ਰਹਿੰਦਾ ਹੈ, ਨਿਮਰਤਾ ਰੱਖਣੀ ਹੈ। ਸੰਗਤ ਵਿੱਚ ਯਾਦ ਰਹਿੰਦਾ ਹੈ, ਨਾਮ ਨਾਲ ਜੁੜਨਾ ਹੈ ਪਰ ਜਦੋਂ ਭੋਗ ਪੈ ਕੇ ਆਪਣੇ ਧਾਮ, ਆਪਣੀ ਜਗ੍ਹਾ ਤੇ ਪਹੁੰਚਦੇ ਹਾਂ ਤੇ ਸੱਚੇ ਪਾਤਸ਼ਾਹ ਜੀ, ਚਿੱਤ ਵਿੱਚੋਂ ਸਭ ਕੁਝ ਵਿਸਰ ਜਾਂਦਾ ਹੈ, ਫਿਰ ਯਾਦ ਨਹੀਂ ਰਹਿੰਦਾ।

***ਬਿਸਰ ਜਾਤਿ ਨਹਿ ਚਿਤ ਮਹਿ ਰਹੈ।'***
***ਸੁਨਿ ਸਤਿਗੁਰ ਤਿਨ ਸੌ ਤਬਿ ਕਹੈਂ॥੧੮॥***

ਸਾਡੇ ਵਿੱਚੋਂ ਬਹੁਤਿਆਂ ਦਾ ਇਹੀ ਹਾਲ ਹੁੰਦਾ ਹੈ ਕਿ ਸੰਗਤ ਵਿੱਚ ਬੈਠਦਿਆਂ ਕਈ ਵਾਰੀ ਮਨ ਫੈਸਲੇ ਲੈਂਦਾ ਹੈ ਕਿ ਅੱਜ ਤੋਂ ਬਾਅਦ ਨਾਮ ਦਾ ਪੱਲਾ ਨਹੀਂ ਛੱਡਣਾ ਪਰ ਬਾਹਰ ਨਿਕਲਣ ਦੀ ਦੇਰ ਹੈ, ਸਭ ਤੋਂ ਪਹਿਲਾਂ ਮੋਬਾਈਲ ਕੰਨ ਨੂੰ ਲੱਗਾ ਹੁੰਦਾ ਹੈ। ਹਿਲਾ ਕੇ ਰੱਖ ਦਿੱਤਾ ਹੈ, ਨਾਮ ਤੋਂ ਮੋਬਾਈਲ ਨੇ।

ਮੋਬਾਈਲ ਦਾ ਫਾਇਦਾ ਵੀ ਬੜਾ ਹੈ ਪਰ ਜਿਹੜੇ ਇਸ ਦਾ ਕਿਸੀ ਹੱਦ ਤੱਕ ਸੀਮਤ ਪ੍ਰਯੋਗ ਕਰਦੇ ਹਨ, ਉਹ ਧੰਨ ਹਨ। ਦਿੱਲੀ ਇੱਕ ਬੱਚੀ ਹੈ। ਉਸ ਨੂੰ ਸਵੇਰੇ ਪੰਜ ਵਜੇ ਤੋਂ ਲੈ ਕੇ ਦੁਪਹਿਰੀ ਗਿਆਰ੍ਹਾਂ ਵਜੇ ਤੱਕ ਕੋਈ ਮੋਬਾਈਲ ਕਰੇ, ਉਸ ਦਾ ਮੋਬਾਈਲ ਸਵਿੱਚ ਆਫ ਆਵੇਗਾ, ਗੱਲ ਨਹੀਂ ਕਰਦੀ। ਪੰਜ ਤੋਂ ਗਿਆਰ੍ਹਾਂ ਮੋਬਾਈਲ ਦਾ ਸਮਾਂ

ਨਹੀਂ, ਸਾਈਂ ਦਾ ਸਮਾਂ ਹੈ। ਇਸ ਨੂੰ ਕਿਤੇ ਲਿਆਉਣਾ ਪਵੇਗਾ, ਲਿਮਟ ਵਿੱਚ। ਭਾਵੇਂ ਮੋਬਾਈਲ ਕਰਨ ਵਾਲਾ ਗੁੱਸਾ ਕਰਦਾ ਹੈ, ਤੁਸੀਂ ਚੁੱਕਿਆ ਨਹੀਂ, ਤੁਹਾਡਾ ਮੋਬਾਈਲ ਬਿਜ਼ੀ ਆ ਰਿਹਾ ਹੈ, ਤੁਸੀਂ ਚੁੱਕਿਆ ਨਹੀ, ਸਵਿੱਚ ਆਫ ਆ ਰਿਹਾ ਸੀ ਪਰ ਜਿਹੜੇ ਵਿਚਕਾਰਲਾ ਮਾਰਗ ਲੈ ਲੈਣ, ਦੁਨੀਆਦਾਰੀ ਵੀ ਨਿਭੀ ਜਾਵੇ ਪਰ ਇੰਨਾ ਨਾ ਹੋ ਜਾਵਾਂ ਕਿ ਅੰਮ੍ਰਿਤ ਵੇਲੇ ਵੀ ਇਹ ਵਜਦੇ ਹੋਣ। ਉਸ ਦੇ ਨਿਤਨੇਮ ਵਿੱਚ ਵੀ ਵਜਦੇ ਹੋਣ। ਫਿਰ ਭਗਤੀ ਖਿੰਡੀ-ਪੁੰਡੀ ਹੋਵੇਗੀ। ਬੱਝਵੀਂ ਭਗਤੀ ਹੋਣੀ ਚਾਹੀਦੀ ਹੈ। ਜੇ ਜਾਪੁ ਸਾਹਿਬ ਦਾ ਪਾਠ ਸ਼ੁਰੂ ਕੀਤਾ ਹੈ ਤੇ ਬੱਸ ਫਿਰ ਜਾਪੁ ਸਾਹਿਬ ਦਾ ਪਾਠ ਕਰਦਿਆਂ ਸੁਰਤ ਵਿੱਚ ਗੁਰੂ ਕਲਗੀਧਰ ਪਿਤਾ ਜੀ ਦੇ ਚਰਨ ਚਲਦੇ ਹੋਣ:

***ਅਜੈ ॥ ਅਲੈ ॥ ਅਭੈ ॥ ਅਬੈ ॥੮੯॥***
***ਅਭੂ ॥ ਅਜੂ ॥ ਅਨਾਸ ॥ ਅਕਾਸ ॥੯੦॥***
***ਅਗੰਜ ॥ ਅਭੰਜ ॥ ਅਲੱਖ ॥ ਅਭੱਖ ॥੯੧॥***
***ਅਕਾਲ ॥ ਦਿਆਲ ॥ ਅਲੇਖ ॥ ਅਭੇਖ ॥੯੨॥***
***ਅਨਾਮ ॥ ਅਕਾਮ ॥ ਅਗਾਹ ॥ ਅਢਾਹ ॥੯੩॥***
***ਅਨਾਥੇ ॥ ਪ੍ਰਮਾਥੇ ॥ ਅਜੋਨੀ ॥ ਅਮੋਨੀ ॥੯੪॥***
***ਨਾ ਰਾਗੇ ॥ ਨਾ ਰੰਗੇ ॥ ਨਾ ਰੂਪੇ ॥ ਨਾ ਰੇਖੇ ॥੯੫॥***

ਜਪਦੇ-ਜਪਦੇ ਇਹੋ ਜਿਹਾ ਮਹਿਸੂਸ ਕਰੋ, ਤੁਹਾਡੀ ਜ਼ਬਾਨ ਨਹੀਂ ਜਪ ਰਹੀ, ਹਰ ਰੋਮ ਜਪ ਰਿਹਾ ਹੈ। ਹੁਣ ਇਹੋ ਜਿਹੇ ਵੇਲੇ ਮੋਬਾਈਲ ਤੇ ਕਿਸੇ ਦਾ ਫੋਨ ਆ ਗਿਆ ਤੇ ਸਾਰੀ ਬਿਰਤੀ ਚੁੱਕਣੀ ਪਵੇਗੀ, ਉਸ ਨੂੰ ਹੈਲੋ ਕਰਨਾ ਪਵੇਗਾ, ਜੋ ਉਸ ਨੇ ਗੱਲ ਕਹੀ, ਉਹ ਦਿਮਾਗ ਵਿੱਚ ਪਾਉਣੀ ਪਵੇਗੀ ਕਿ ਇਹ ਕੀ ਕਹਿ ਰਿਹਾ ਹੈ, ਉਸ ਨੂੰ ਜਵਾਬ ਦੇਣਾ ਪਵੇਗਾ। ਖਿੰਡੀ-ਪੁੰਡੀ ਭਗਤੀ। ਸੁਣਨਾ ਵੀ ਹੈ, ਦੁਨੀਆਂ ਵਿੱਚ ਚੱਲਣਾ ਹੈ ਪਰ ਵਿੱਚ ਕੁਝ ਇਹੋ ਜਿਹਾ ਟਾਈਮ ਨਿਸ਼ਚਿਤ ਹੋਵੇ, ਜਿੱਥੇ ਫਿਰ ਇਹ ਚੀਜ਼ ਬੰਦਗੀ ਤੋਂ ਤੋੜੇ ਨਾ, ਬੱਝਵੀਂ ਭਗਤੀ ਹੋਵੇ। ਇਹ ਹਕੀਕਤ ਹੈ।

ਇਹ ਸਿੱਖਾਂ ਨੇ ਵੱਡੀ ਗੱਲ ਕਹੀ ਕਿ ਜਦੋਂ ਸੰਗਤ ਵਿੱਚ ਬੈਠੇ ਹੁੰਦੇ ਹਾਂ, ਮਨ ਕਹਿੰਦਾ ਹੈ, ਜਪਣਾ ਹੈ। ਮਨ ਕਹਿੰਦਾ ਹੈ, ਨਿਮਰਤਾ ਰੱਖਣੀ ਹੈ ਪਰ ਜਦੋਂ ਅਸੀਂ ਆਪਣੇ ਧਾਮ ਤੇ ਪਹੁੰਚਦੇ ਹਾਂ, ਆਪਣੇ ਟਿਕਾਣੇ, ਆਪਣੇ ਘਰ ਜਾਂ ਦੁਕਾਨ ਤੇ ਪਹੁੰਚਦੇ ਹਾਂ ਤੇ ਸੱਚੇ ਪਾਤਸ਼ਾਹ ਜੀ:

***ਬਿਸਰ ਜਾਤਿ ਨਹਿ ਚਿਤ ਮਹਿ ਰਹੈ।'***
***ਸੁਨਿ ਸਤਿਗੁਰ ਤਿਨ ਸੋਂ ਤਬਿ ਕਹੈਂ ॥੧੮॥***

ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਸ ਦਾ ਬੜੇ ਕਮਾਲ ਦਾ ਜਵਾਬ ਦਿੱਤਾ:

***'ਅਜਹੁਂ ਤੁਮਾਰੇ ਉਰ ਅੱਭਯਾਸ।***

ਉਰ ਕਹਿੰਦੇ ਹਨ, ਹਿਰਦੇ ਨੂੰ।

***ਨਹਿ ਦ੍ਰਿੜ੍ਹ ਭਯੋ ਕਰਹੁ ਨਿਰਜਾਸ।***

ਸਿੱਖੋ, ਜਿਹੜਾ ਤੁਹਾਨੂੰ ਵਾਹਿਗੁਰੂ ਵਿਸਰ ਜਾਂਦਾ ਹੈ, ਅਜੇ ਤੁਹਾਡਾ ਅਭਿਆਸ ਹਿਰਦੇ ਤੱਕ ਨਹੀਂ ਪਹੁੰਚਿਆ।

ਕਈ ਕਹਿੰਦੇ ਹਨ ਕਿ ਵਾਹਿਗੁਰੂ-ਵਾਹਿਗੁਰੂ ਸਿਮਰਨ ਅਭਿਆਸ ਨਹੀਂ ਕਰਨਾ ਚਾਹੀਦਾ ਪਰ ਨਾਮ ਨੇ ਹੀ ਨਾਮ ਨੂੰ ਚਲਾਉਣਾ ਹੈ। ਅਭਿਆਸ ਨੇ ਹੀ ਨਾਮ ਨੂੰ ਚਲਉਣਾ ਹੈ।

***'ਅਜਹੁਂ ਤੁਮਾਰੇ ਉਰ ਅੱਭਯਾਸ।***
***ਨਹਿ ਦ੍ਰਿੜ੍ਹ ਭਯੋ ਕਰਹੁ ਨਿਰਜਾਸ।***

ਇਹ ਜਿਹੜਾ ਅਭਿਆਸ ਹੈ, ਇਹ ਤੁਹਾਡੇ ਹਿਰਦੇ ਵਿੱਚ ਨਹੀਂ ਵਸਿਆ ਜਿਸ ਕਰਕੇ ਬਾਹਰ ਜਾ ਕੇ ਭੁੱਲ ਜਾਂਦੇ ਹਾਂ। ਮਹਾਰਾਜ ਜੀ, ਇਹ ਹਿਰਦੇ ਵਿੱਚ ਕਿਉਂ ਨਹੀਂ ਵਸਿਆ? ਇਸ ਦਾ ਕੀ ਕਾਰਨ

ਹੈ? ਮਹਾਰਾਜ ਜੀ ਨੇ ਇਸ ਦਾ ਕਾਰਨ ਦੱਸਿਆ।

***ਅਨਿਕ ਜਨਮ ਦੁਰਮਤਿ ਬਿਵਹਾਰਾ।***

ਮਹਾਰਾਜ ਜੀ ਕਹਿੰਦੇ, ਪਿਛਲੇ ਜਨਮ ਵਿੱਚ ਤੂੰ ਇੰਨੇ ਮਾੜੇ ਕੰਮ ਕੀਤੇ ਹਨ, ਇੰਨੇ ਮਾੜੇ, ਦੁਰਮਤਿ ਵਾਲੇ ਕੰਮ ਕੀਤੇ ਹਨ, ਉਹ ਮਾੜੀ ਮਤ ਵਾਲੇ ਕੰਮ ਹਿਰਦੇ ਵਿੱਚ ਅਜੇ ਤੱਕ ਵਸੇ ਹੋਏ ਹਨ। ਜਦੋਂ ਤੱਕ ਡੱਟ ਕੇ ਅਭਿਆਸ ਨਹੀਂ ਕਰੇਂਗਾ, ਪਹਿਲਾਂ ਜਿਨ੍ਹਾਂ ਨੇ ਜਗ੍ਹਾ ਲਈ ਹੋਈ ਹੈ, ਉਹ ਖਾਲੀ ਕਰਨਗੇ ਹੀ ਨਹੀਂ। ਪਿਛਲੇ ਜਨਮਾਂ ਦੀ ਮਲੀਨ ਬੁੱਧੀ ਚਲੀ ਆ ਰਹੀ ਹੈ।

***ਅਨਿਕ ਜਨਮ ਦੁਰਮਤਿ ਬਿਵਹਾਰਾ।***
***ਸੋ ਅੱਭ੍ਯਾਸ ਬਲੀ ਉਰ ਧਾਰਾ ॥੧੯॥***

ਉਹ ਵੀ ਬਲ ਰੱਖਦੇ ਹਨ, ਮਾੜੀਆਂ ਚੀਜ਼ਾਂ ਵੀ ਬਲ ਰੱਖਦੀਆਂ ਹਨ। ਉਹ ਆਪਣੇ ਬਲ ਨਾਲ ਪਿਛਲੇ ਜਨਮਾਂ ਦੀਆਂ ਹਿਰਦੇ ਤੇ ਬੈਠੀਆਂ ਹਨ। ਜਦ ਤੱਕ ਤੂੰ ਡੱਟ ਕੇ ਅਭਿਆਸ ਨਹੀਂ ਕਰਦਾ, ਉਹ ਉੱਥੋਂ ਨਿਕਲਣਗੀਆਂ ਕਿਵੇਂ? ਉਹ ਪਿਛਲੇ ਜਨਮ ਦੀਆਂ ਦੁਰਮਤਿ ਬਿਵਹਾਰ, ਉਹ ਬੈਠੀਆਂ ਹੋਈਆਂ ਹਨ। ਇਹ ਸਹੀ ਗੱਲ ਹੈ। ਇੱਕ ਵਾਰੀ ਦਾਸ ਲੰਗਰ ਛੱਕ ਰਿਹਾ ਸੀ। 12 ਸਾਲ ਦਾ ਬੱਚਾ, ਲੰਗਰ ਵਿੱਚ ਸੇਵਾ ਕਰ ਰਿਹਾ ਸੀ ਉਸਦੇ ਚੱਲਣ ਵਿੱਚ ਕੋਈ ਕਾਹਲਾਪੰਨ ਨਹੀਂ, ਕੋਈ ਉਸ ਦੇ ਅੰਦਰ ਗੁੱਸੇ ਵਾਲੀ ਗੱਲ ਨਹੀਂ, ਬੜੇ ਸਹਿਜ ਨਾਲ ਪ੍ਰਸ਼ਾਦਾ ਸੰਗਤਾਂ ਵਿੱਚ ਵਰਤਾ ਰਿਹਾ ਸੀ। ਨਾਲ ਬੋਲਦਾ ਸੀ ਵਾਹਿਗੁਰੂ ਪਰਸ਼ਾਦਾ ਜੀ। ਵਾਹਿਗੁਰੂ ਪਰਸ਼ਾਦਾ ਜੀ। ਦਾਸ 3-4 ਮਿੰਟ ਉਸ ਵੱਲ ਵੇਖਦਾ ਰਿਹਾ, ਬੜੇ ਸਹਿਜ ਨਾਲ ਪਰਸ਼ਾਦਾ ਵਰਤਾ ਰਿਹਾ ਸੀ। ਦਾਸ ਨੂੰ ਸਾਥੀਆਂ ਨੇ ਕਿਹਾ, ਲੰਗਰ ਛੱਕੋ, ਕੀ ਵੇਖ ਰਹੇ ਹੋ। ਦਾਸ ਨੇ ਕਿਹਾ ਕਿ ਮੈਂ ਇਸ ਬੱਚੇ ਵੱਲ ਵੇਖ ਰਿਹਾ ਹਾਂ ਕਿ 70-70 ਸਾਲ ਦੇ ਬਜ਼ੁਰਗਾਂ ਵਿੱਚ ਵੀ ਇੰਨਾ ਸਹਿਜ ਨਹੀਂ ਹੁੰਦਾ ਜਿੰਨਾ ਇਸ 12 ਸਾਲ ਦੇ ਬੱਚੇ ਅੰਦਰ ਹੈ। ਇਹ ਪਿਛਲੇ ਜਨਮ ਵਿੱਚ ਸਹਿਜ ਦੀ ਪੌੜੀ ਚੜ੍ਹਿਆ ਹੋਇਆ ਹੈ। ਇਸ ਨੇ ਪਿਛਲੇ ਜਨਮ ਵਿੱਚ ਮਾੜੀ ਮਤ ਨੂੰ ਦੂਰ ਕੀਤਾ ਹੋਇਆ ਹੈ। ਅੱਗੋਂ ਉਹ ਪੌੜੀ ਤਿਆਰ ਮਿਲੀ ਹੈ। ਇਹ ਚੀਜ਼ਾਂ ਨਾਲ ਚਲਦੀਆਂ ਹਨ। ਇਸ ਕਰਕੇ ਧੰਨ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ, ਪਿਛਲੇ ਜਨਮ ਦੇ ਬਿਵਹਾਰ, ਪੁੱਠੇ ਸਿੱਧੇ ਕੀਤੇ ਕੰਮ, ਉਹ ਫਸੇ ਪਏ ਹਨ, ਅਭਿਆਸ ਡੱਟ ਕੇ ਕਰੇਂਗਾ ਤੇ ਉਹ ਨਿਕਲਣਗੇ। ਇਸ ਦਾ ਫਿਰ ਵੇਰਵਾ ਦਿੱਤਾ ਹੈ, ਮਹਾਰਾਜ ਜੀ ਨੇ ਮਿਸਾਲ ਦੇ ਰੂਪ ਵਿੱਚਃ

***ਨੀਰ ਪ੍ਰਵਾਹ ਹੋਤਿ ਹੈ ਜੈਸੇ।***
***ਸਨੈ ਸਨੈ ਉਲਟਹਿ ਬਿਧਿ ਕੈਸੇ।***

ਮੰਨ ਲਓ ਪਾਣੀ ਦਾ ਪਰਵਾਹ ਜਾ ਰਿਹਾ ਹੈ। ਹੁਣ ਕਿਸੇ ਜਗ੍ਹਾ ਤੋਂ ਪਾਣੀ ਨਿਕਲ ਰਿਹਾ ਹੈ ਤੇ ਤੁਸੀਂ ਕਹੋ ਕਿ ਪਾਣੀ ਜਿਸ ਬੰਨੇ ਜਾ ਰਿਹਾ ਹੈ, ਮੈਂ ਇਸ ਨੂੰ ਇਕ ਦਮ ਮੋੜ ਕੇ ਇਸ ਦਾ ਰੁਖ ਬਦਲਾ ਦਿਆਂ, ਮਹਾਰਾਜ ਜੀ ਕਹਿੰਦੇ, ਸਨੇ ਸਨੇ, ਇਸ ਦਾ ਰੁਖ ਹੌਲੀ-ਹੌਲੀ ਉਲਟੇਗਾ। ਜਿਹੜਾ ਪਿਛਲੇ ਕਰਮਾਂ ਦਾ ਪਰਵਾਹ ਜਾ ਰਿਹਾ ਹੈ, ਸਿਮਰਨ ਦਾ ਅਭਿਆਸ ਉਸ ਨੂੰ ਹੌਲੀ-ਹੌਲੀ ਮੋੜੇਗਾ।

***ਕਰੇ ਜਤਨ ਬਹੁ ਅਨ ਥਲ ਬਹੈ।***
***ਨਾਂਹਿ ਤ ਪ੍ਰਥਮ ਥਾਨ ਹੀ ਰਹੈ ॥੨੨॥***

ਬੜੇ ਯਤਨ ਨਾਲ ਪਾਣੀ ਦਾ ਰੁਖ ਬਦਲਦਾ ਹੈ, ਪਾਣੀ ਜਿਹੜਾ ਜਾ ਰਿਹਾ ਹੈ, ਨਹੀਂ ਤਾਂ ਉੱਥੇ ਹੀ ਰਹਿੰਦਾ ਹੈ, ਇਸ ਤਰ੍ਹਾਂ ਤੇਰੇ ਅੰਦਰ ਜਿਹੜਾ ਰੁਖ ਚਲਿਆ ਆ ਰਿਹਾ ਹੈ, ਜਦ ਤੱਕ ਤੂੰ ਡੱਟ ਕੇ ਅਭਿਆਸ ਨਹੀਂ ਕਰਦਾ, ਸੁਚੇਤ ਹੋ ਕੇ, ਤਦ ਤੱਕ ਤੂੰ ਕਹੇਂ, ਬਾਹਰ ਵੀ ਯਾਦ ਰਹੇ ਤੇ ਰਹਿਣਾ ਔਖਾ ਹੈ। ਇਸ ਕਰਕੇ ਇਸ ਦਾ ਨਿੱਕਾ ਜਿਹਾ ਹੱਲ ਹੈ,

ਸੁਚੇਤਤਾ। ਇਹ ਨਿੱਕੀ-ਨਿੱਕੀ ਸੁਚੇਤਤਾ ਲਿਆਵਾਂਗੇ ਤੇ ਇਹ ਵੀ ਤੁਹਾਡਾ ਅਭਿਆਸ ਪਿਛਲੇ ਜਨਮਾਂ ਦੀਆਂ ਮਾੜੀਆਂ ਚੀਜ਼ਾਂ ਨੂੰ ਖਾਲੀ ਕਰਦਾ ਜਾਵੇਗਾ। ਥੋੜ੍ਹੀ ਜਿਹੀ ਸੁਚੇਤਤਾ।

ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਖਿਆ, ਜਿਹੜਾ ਤੁਸੀਂ ਕਹਿੰਦੇ ਹੋ ਕਿ ਸੰਗਤ ਵਿੱਚ ਯਾਦ ਵਿੱਚ ਰਹਿੰਦਾ ਹੈ ਪਰ ਬਾਹਰ ਜਾ ਕੇ ਵਿਸਰ ਜਾਂਦਾ ਹੈ, ਇਹ ਪਿਛਲੇ ਜਨਮਾਂ ਦੇ ਦੁਰਮਤਿ ਬਿਵਹਾਰ ਚਲੇ ਆ ਰਹੇ ਹਨ। ਉਹ ਨਾਮ ਨੂੰ ਜਗ੍ਹਾ ਨਹੀਂ ਲੈਣ ਦਿੰਦੇ। ਉਨ੍ਹਾਂ ਸਿੱਖਾਂ ਨੇ ਆਖਿਆ, ਮਹਾਰਾਜ ਜੀ, ਸੰਗਤ ਵਿੱਚ ਵੀ ਯਾਦ ਰਵ੍ਹੇ ਤੇ ਬਾਹਰ ਵੀ ਯਾਦ ਰਵ੍ਹੇ, ਮਨ ਵਿੱਚ ਬਦਲਾਓ ਆ ਜਾਵੇ ਤੇ ਇਸ ਵਾਸਤੇ ਕੀ ਕਰੀਏ? ਕਿਹੜਾ ਕੰਮ ਕਰੀਏ? ਤੇ ਤਿੰਨ ਗੱਲਾਂ ਦੱਸੀਆਂ ਹਨ ਮਹਾਰਾਜ ਜੀ ਨੇ। ਪਹਿਲਾ ਹੱਲ ਦਸਣਾ ਕੀਤਾ:

***ਸ੍ਰੀ ਸਤਿਗੁਰ ਜੀ ਬਾਕ ਪ੍ਰਕਾਸ਼ਾ।***
***'ਕਰਹੁ ਸ਼ਬਦ ਕੋ ਨਿਤ ਅੱਭਯਾਸਾ ॥੧੬॥***

ਹੁਣ ਬੀਬੀਆਂ ਰੋਟੀ ਪਕਾਉਣ ਲੱਗੀਆਂ ਹਨ ਤੇ ਰੋਟੀ ਪਕਾਉਂਦਿਆਂ ਪੰਦਰਾਂ ਮਿੰਟ ਲੱਗਣੇ ਹਨ, ਮਾੜਾ ਜਿਹਾ ਅੱਧਾ ਮਿੰਟ ਪਕਾਉਣ ਤੋਂ ਪਹਿਲਾਂ ਸੁਚੇਤ ਹੋ ਜਾਓ, ਇਹ ਪੰਦਰਾਂ ਮਿੰਟ ਮੈਂ ਵਾਹਿਗੁਰੂ-ਵਾਹਿਗੁਰੂ ਨਹੀਂ ਵਿਸਾਰਨਾ। ਇਹ ਨਿੱਕੇ—ਨਿੱਕੇ ਬੈਨ ਹੀ ਅਗਲੀਆਂ ਮੰਜ਼ਿਲਾਂ ਤੇ ਪਹੁੰਚਾ ਦੇਣਗੇ, ਬ੍ਰਹਮ ਗਿਆਨੀ ਬਣਾ ਦੇਣਗੇ, ਅਭੇਦਤਾ ਵਿੱਚ ਲੈ ਆਉਣਗੇ। ਇੰਨੀ ਗੁਰੂ ਨਾਲ ਯਾਰੀ ਪੁਆ ਦੇਣਗੇ, ਮਿੱਤਰਤਾ ਪੁਆ ਦੇਣਗੇ ਕਿ ਜਿੱਥੇ ਜਾਓਗੇ ਸ਼ਹੀਦ ਸਿੰਘ ਨਾਲ ਹੀ ਹੋਣਗੇ। ਇਸ ਲਈ ਸ਼ਬਦ ਦਾ ਅਭਿਆਸ ਨਿੱਤ ਕਰੋ, ਕੋਈ ਸ਼ਰਮ ਨਾ ਕਰੋ। ਭਗਤ ਕਬੀਰ ਜੀ ਕਹਿੰਦੇ ਹਨ:

***ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ ॥੨੧੫॥***
***(ਅੰਗ ੧੩੭੬)***

ਕਈ ਵਾਰ ਅਸੀਂ ਸੋਚਦੇ ਹਾਂ, ਪਹਿਲਾਂ ਇਹ ਮੁੰਡਾ ਵਿਆਹ ਲਈਏ, ਫਿਰ ਘੰਟਾ ਦੋ ਘੰਟਾ ਚੌਕੜਾ ਮਾਰਿਆ ਕਰਾਂਗੇ। ਬਸ ਇਸ ਤਰ੍ਹਾਂ ਹੋ ਜਾਵੇ, ਫਿਰ ਕਰਾਂਗੇ। ਬਸ, ਇਹ ਮਕਾਨ ਥੋੜ੍ਹਾ ਚੇਂਜ ਹੋ ਜਾਵੇ, ਫਿਰ ਕਰਾਂਗੇ। ਭਗਤ ਕਬੀਰ ਜੀ ਕਹਿੰਦੇ ਹਨ :

***ਕਬੀਰ ਕੀਚੜਿ ਆਟਾ ਗਿਰਿ ਪਰਿਆ***
***ਕਿਛੂ ਨ ਆਇਓ ਹਾਥ ॥***
***ਪੀਸਤ ਪੀਸਤ ਚਾਬਿਆ ਸੋਈ ਨਿਬਹਿਆ ਸਾਥ ॥੨੧੫॥***
***(ਅੰਗ ੧੩੭੬)***

ਆਟੇ ਦੀ ਚੱਕੀ ਸੀ। ਮਾਈ ਆਟਾ ਲੈ ਰਹੀ ਸੀ, ਪਿਹਾ ਰਹੀ ਸੀ ਆਟਾ। ਪਿਛਲੇ ਸਮੇਂ ਪੀਂਹਦਿਆਂ ਸਮਾਂ ਲੱਗਦਾ ਹੈ। ਪਿਛਲੇ ਸਮੇਂ ਵਿੱਚ ਇੰਝ ਆਟਾ ਪਿਹਾਉਂਦੇ ਸੀ, ਕਣਕ ਲਿਜਾ ਕੇ। ਮਾਈ ਮਾੜਾ-ਮਾੜਾ ਫੱਕਾ ਮਾਰੀ ਜਾਵੇ, ਆਟੇ ਦਾ। ਤੇ ਕਿਸੇ ਨੇ ਆਖਿਆ, ਆਟਾ ਤੇਰੇ ਘਰ ਹੀ ਜਾਣਾ ਹੈ। ਵਿੱਚ ਤੂੰ ਨਾਲ-ਨਾਲ ਪੀਹ ਕੇ ਜਿਹੜਾ ਆਟਾ ਆਈ ਜਾਂਦਾ ਹੈ ਤੇ ਤੂੰ ਫੱਕੇ ਮਾਰੀ ਜਾਂਦੀ ਹੈਂ। ਭਗਤ ਕਬੀਰ ਜੀ ਨੇ ਵੇਖਿਆ, ਮਾਈ ਆਟਾ ਸਿਰ ਤੇ ਚੁੱਕਿਆ, ਥੋੜ੍ਹੀ ਅੱਗੇ ਗਈ, ਠੇਡਾ ਲੱਗਿਆ, ਬਜ਼ਾਰ ਵਿੱਚ ਚਿੱਕੜ ਸੀ, ਸਾਰਾ ਆਟਾ ਚਿੱਕੜ ਵਿੱਚ ਡੁੱਲ੍ਹ ਗਿਆ। ਆਟਾ ਚਿੱਕੜ ਵਿੱਚ ਡਿੱਗ ਪਏ ਤੇ ਆਪਾਂ ਕਹੀਏ ਕਿ ਸਮੇਟ ਲਈਏ, ਨਹੀਂ ਹੋ ਸਕਦਾ। ਮਾਈ ਤੂੰ ਚੰਗਾ ਕੀਤਾ ਈ। ਜਿੰਨਾ ਤੂੰ ਪੀਂਹਦਿਆਂ-ਪੀਂਹਦਿਆਂ ਨਾਲ ਚੱਬ ਲਿਆ, ਉਹ ਤੇਰੇ ਨਾਲ ਨਿਭ ਗਿਆ। ਬਾਕੀ ਚਿੱਕੜ ਵਿੱਚ ਡਿੱਗ ਪਿਆ। ਇਸ ਨੂੰ ਨਾਮ ਨਾਲ ਜੋੜਿਆ। ਤੂੰ ਕਹੇਂ ਕਿ ਵਿਹਲੇ ਹੋ ਕੇ ਜਪ ਲਵਾਂਗੇ, ਪੋਤਰਾ ਹੋ ਜਾਵੇ ਜਪ ਲਵਾਂਗੇ। ਮੁੰਡਾ ਵਿਆਹਿਆ ਜਾਵੇ, ਜਪ ਲਵਾਂਗੇ, ਮਕਾਨ ਨਵਾਂ ਲੈ ਲਈਏ, ਫਿਰ ਜਪ ਲਵਾਂਗੇ। ਤੁਸੀਂ ਜਿਹੜੀ ਹਾਲਾਤ ਵਿੱਚ ਹੋ, ਨਿੱਕੀ-ਨਿੱਕੀ ਸੁਚੇਤਤਾ ਨਾਲ ਬੈਨ ਲਗਾਈ ਜਾਓ, ਕੋਈ

ਪਤਾ ਨਹੀਂ, ਕਦੋਂ ਕੀ ਸੁਨੇਹਾ ਆਉਣਾ ਹੈ। ਇਹ ਥੋੜ੍ਹਾ-ਥੋੜ੍ਹਾ ਜਪਿਆ ਹੋਇਆ ਹੀ ਤੇਰੇ ਨਾਲ ਨਿਭ ਜਾਵੇਗਾ।

***ਸ੍ਰੀ ਸਤਿਗੁਰ ਜੀ ਬਾਕ ਪ੍ਰਕਾਸ਼ਾ।***

***'ਕਰਹੁ ਸ਼ਬਦ ਕੋ ਨਿਤ ਅੱਭਿਆਸਾ ॥੧੯॥***

ਇਹ ਤਿੰਨ ਗੱਲਾਂ ਕਹੀਆਂ ਹਨ, ਫਿਰ ਬਾਹਰ ਵੀ ਯਾਦ ਰਹੇਗਾ ਤੇ ਸੰਗਤ ਵਿੱਚ ਵੀ ਯਾਦ ਰਹੇਗਾ। ਪਹਿਲੀ ਗੱਲ ਹੈ:

***'ਕਰਹੁ ਸ਼ਬਦ ਕੋ ਨਿਤ ਅੱਭਿਆਸਾ ॥੧੯॥***

ਜਿਸ ਹਾਲਤ ਵਿੱਚ ਹੈਂ, ਜਿਵੇਂ ਹੈ, ਉਸ ਵਿੱਚ ਵਸਾ ਲੈ। ਕੱਪੜੇ ਧੌਣ ਲੱਗੇ ਹੋ, ਪਤਾ ਹੈ, ਅੱਧਾ ਘੰਟਾ ਲੱਗਣਾ ਹੈ, ਬੱਸ ਸੁਚੇਤ ਹੋ ਜਾਓ, ਵਾਹਿਗੁਰੂ-ਵਾਹਿਗੁਰੂ ਜਪਦਿਆਂ ਕੱਪੜੇ ਧੌਣੇ ਹਨ। ਇਹ ਨਿੱਕੇ-ਨਿੱਕੇ ਅਭਿਆਸ ਬਣਾ, ਇਹ ਸ਼ਬਦ ਦਾ ਅਭਿਆਸ ਬਣਾ, ਚੱਲ ਪਵੇਗਾ।

ਮਹਾਰਾਜ ਜੀ ਨੇ ਦੂਜੀ ਗੱਲ ਦੱਸੀ:

***ਸਿਖ ਸੰਤਨਿ ਕੀ ਸੇਵਾ ਧਰੀਅਹਿ।***

***ਸੱਤਿਨਾਮ ਕੋ ਸਿਮਰਨਿ ਕਰੀਅਹਿ।'***

ਮਹਾਰਾਜ ਜੀ ਕਹਿੰਦੇ ਹਨ, ਇੱਕ ਤਾਂ ਅਭਿਆਸ ਵਾਸਤੇ ਨਿੱਕੇ-ਨਿੱਕੇ ਬੈਨ ਲਗਾ। ਕਦੀ-ਕਦੀ ਯਤਨ ਕਰ, ਪੰਜ ਅੰਮ੍ਰਿਤਧਾਰੀ ਗੁਰਸਿੱਖ ਰੰਗੇ ਹੋਏ, ਆਪਣੇ ਘਰ ਬੁਲਾ ਕੇ, ਮਨ ਨੀਵਾਂ ਕਰਕੇ ਉਨ੍ਹਾਂ ਦੀ ਸੇਵਾ ਕਰਨੀ ਹੈ। ਮੈਂ ਉਨ੍ਹਾਂ ਨੂੰ ਪਰਸ਼ਾਦਾ ਛਕਾਉਣਾ ਹੈ। ਮੰਗ ਸਹੀ ਹੋਵੇ, ਪੰਜ ਅੰਮ੍ਰਿਤਧਾਰੀ ਸਿੰਘਾਂ ਦੀ ਪਿਆਰ, ਸ਼ਰਧਾ ਨਾਲ ਘਰ ਬੁਲਾ ਕੇ ਸੇਵਾ ਹਾਜ਼ਰੀ, ਪਿਆਰ ਵਿੱਚ ਸੇਵਾ ਮਨ ਨੀਵੇਂ ਵਿੱਚ ਕਰ, ਫਿਰ ਉਨ੍ਹਾਂ ਨੂੰ ਇੰਨਾ ਹੀ ਕਹਿ ਦਿਓ, ਗੁਰੂ ਕੇ ਸਿੰਘੋ, ਸਾਡਾ ਅੰਮ੍ਰਿਤ ਵੇਲਾ ਨਹੀਂ ਬਣਦਾ, ਉਹ ਅਰਦਾਸ ਕਰ ਦੇਣਗੇ, ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ, ਉਹ ਫਿਰ ਮਿਲ ਜਾਵੇਗਾ।

***ਸਿਖ ਸੰਤਨਿ ਕੀ ਸੇਵਾ ਧਰੀਅਹਿ।***

ਗੁਰੂ ਕਲਗੀਧਰ ਪਿਤਾ ਜੀ ਵੇਲੇ ਪੰਜ ਸਿੰਘਾਂ ਨੂੰ ਬਹੁਤ ਮਾਣ ਮਿਲਿਆ ਹੈ। ਹੋਰ ਵੀ ਕੋਈ ਬ੍ਰਹਮ ਗਿਆਨੀ, ਪਹੁੰਚਿਆ ਮਹਾਂਪੁਰਸ਼, ਬਾਬਾ ਨੰਦ ਸਿੰਘ ਜੀ ਵਰਗਾ, ਸੰਤ ਅਤਰ ਸਿੰਘ ਜੀ ਵਰਗਾ, ਸੰਤ ਕਰਮ ਸਿੰਘ ਜੀ ਹੋਤੀ ਮਰਦਾਨ ਵਰਗਾ, ਬਾਬਾ ਹਰਨਾਮ ਸਿੰਘ ਰਾਮਪੁਰ ਖੇੜੇ ਵਾਲਿਆਂ ਵਰਗਾ, ਸੰਤ ਕਰਤਾਰ ਸਿੰਘ ਜੀ ਭਿੰਡਰਾਂ ਵਾਲਿਆਂ ਵਰਗਾ, ਕੋਈ ਗੁਰਮੁੱਖ, ਰੰਗੇ ਮਹਾਂਪੁਰਸ਼ ਜਿਨ੍ਹਾਂ ਨੇ ਜ਼ਿੰਦਗੀ ਇਸ ਪਾਸੇ ਲਗਾਈ ਹੈ, ਕਿਤੇ-ਕਿਤੇ ਸਮਾਂ ਲੱਗੇ, ਉਨ੍ਹਾਂ ਦੀ ਸੇਵਾ ਵਿੱਚ ਹਾਜ਼ਰੀ ਲਗਾਓ।

ਮਹਾਰਾਜ ਜੀ ਨੇ ਤੀਜੀ ਗੱਲ ਦੱਸੀ:

***ਹੋਇ ਬਿਸਿਮਰਨ ਤਨ ਅਭਿਮਾਨ।***

ਬਸ, ਇੱਕ ਚੀਜ਼ ਦਾ ਧਿਆਨ ਰੱਖੀਂ। ਇੱਕ ਤਾਂ ਬਖਸ਼ਿਆਂ ਦੀ ਸੇਵਾ ਕਰ, ਦੂਜਾ ਅਭਿਆਸ ਤੇ ਤੀਜਾ ਮਹਾਰਾਜ ਜੀ ਕਹਿੰਦੇ, ਧਿਆਨ ਰੱਖੀਂ, ਸਭ ਕੁਝ ਕਰਨ ਤੋਂ ਬਾਅਦ ਲੋਕ ਸਿਫ਼ਤ ਕਰਨਗੇ ਤੇ ਵੇਖੀਂ, ਅਭਿਮਾਨ ਨੂੰ ਨੇੜੇ ਨਾ ਆਉਣ ਦੇਈਂ। ਹਉਮੈ ਨੂੰ ਨੇੜੇ ਨਾ ਆਉਣ ਦੇਈਂ।

***ਹੋਇ ਬਿਸਿਮਰਨ ਤਨ ਅਭਿਮਾਨ।***

***ਤਬਿ ਤੁਮਰੀ ਹੋਵੈ ਕੱਲਜਾਨ ॥੨੧॥***

ਇਹ ਤਿੰਨ ਬਚਨ ਸਤਿਗੁਰੂ ਜੀ ਨੇ ਬਖਸ਼ਿਸ਼ ਕੀਤੇ। ਇਹ ਤਿੰਨ ਹੱਲ ਕੋਈ ਸਿੱਖ ਆਪਣੀ ਜ਼ਿੰਦਗੀ ਵਿੱਚ ਲੈ ਆਵੇ ਤੇ ਉਸ ਦੇ ਅੰਦਰ ਫਿਰ ਸਿਮਰਨ ਚੱਲ ਪੈਂਦਾ ਹੈ। ਸੰਗਤ ਤੋਂ ਬਾਅਦ ਵੀ ਚਿੱਤ ਕਰਦਾ ਹੈ ਕਿ ਹਰ ਘੜੀ ਉਸ ਦਾ ਨਾਮ ਜਪ-ਜਪ ਕੇ ਸਫਲ ਹੋ ਜਾਵੇ।

❑❑❑

## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ



# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

-ਭਾਈ ਅਮਰੀਕ ਸਿੰਘ ਗਨੈਸਕ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਰੱਬੀ ਨਿਜ਼ਾਮ ਇਵੇਂ ਚਲਦਾ ਹੈ ਕਿ ਲੜੀ ਨਾਲ ਲੜੀ ਜੁੜੀ ਤੁਰੀ ਜਾਂਦੀ ਹੈ। ਕੋਈ ਰਤਾ ਕੁ ਗੌਰ ਨਾਲ ਵੇਖਣਾ ਚਾਹੇ ਤਾਂ ਹੈਰਾਨ ਰਹਿ ਜਾਵੇ ਕਿ ਅਸੀਮ ਦਿਖ ਰਹੇ ਪਸਾਰੇ ਵਿੱਚ, ਹਰ ਬਰੀਕੀ ਉੱਪਰ, ਹਰ ਕਾਰਜ ਕਿਵੇਂ ਸਲੀਕੇ ਨਾਲ ਭੁਗਤਾਇਆ ਜਾ ਰਿਹਾ ਹੈ।

ਜੋ ਸੁਭਾਗੇ ਪਰਮਾਰਥ ਦੇ ਰਸਤੇ ਪੈ ਜਾਂਦੇ ਨੇ ਰੱਬੀ ਨਿਜ਼ਾਮ ਉਨ੍ਹਾਂ ਦੇ ਰੂਹਾਨੀ ਸਫ਼ਰ ਵਿੱਚ ਸਹਾਈ ਹੁੰਦਾ ਹੈ। ਪੂਰਬ ਜਨਮਾਂ ਦੀ ਘਾਲਣਾ ਗੁਰਮੁਖਾਂ ਦੀ ਸੰਗਤ ਵਿੱਚ ਲੈ ਆਉਂਦੀ ਹੈ ਅਤੇ ਇਸ ਸੰਗਤ ਰਾਹੀਂ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਮਿਲਦੀ ਹੈ।

ਜਿਸ ਵੇਲੇ ਮਹਾਂਪੁਰਖ ਰਾੜੇ ਦੀ ਢੱਕੀ ਵਿੱਚ ਘਾਲਣਾ ਘਾਲ ਰਹੇ ਸਨ, ਪਿੰਡ ਦਬੁਰਜੀ ਦਾ ਨੌਜਵਾਨ ਹਰਚੰਦ ਸਿੰਘ ਦਰਸ਼ਨ ਕਰਨ ਆਇਆ। ਦਰਸ਼ਨ ਕਰਦਿਆਂ ਹੀ ਮਨ ਮੋਹਿਆ ਗਿਆ। ਹਰਚੰਦ ਸਿੰਘ ਪਿਤਾ ਅਤਰ ਸਿੰਘ ਜੀ ਅਤੇ ਮਾਤਾ ਭੋਲੀ ਜੀ ਦੇ ਚਾਰ ਪੁੱਤਰਾਂ ਵਿੱਚੋਂ ਸਭ ਤੋਂ ਛੋਟਾ ਸੀ। ਵੱਡੇ ਭਰਾਵਾਂ ਦੇ ਨਾਮ ਸਨ- ਸੰਤਾ ਸਿੰਘ, ਜੈਮਲ ਸਿੰਘ ਅਤੇ ਖੇਮ ਸਿੰਘ। ਹਰਚੰਦ ਸਿੰਘ ਅਜੇ ਦਸ ਸਾਲਾਂ ਦਾ ਹੀ ਸੀ ਜਦ ਪਿਤਾ ਜੀ ਪਰਲੋਕ ਗਮਨ ਕਰ ਗਏ।

ਹਰਚੰਦ ਸਿੰਘ ਦਾ ਸੁਭਾਅ ਬਚਪਨ ਤੋਂ ਹੀ ਪਰਮਾਰਥ ਵੱਲ ਸੀ। ਗੁਰਮੁਖੀ ਅੱਖਰਾਂ ਦੀ ਪੜ੍ਹਾਈ ਪਿੰਡ ਵਿੱਚ ਹੀ ਭਾਈ ਇੰਦਰ ਸਿੰਘ ਪਾਸੋਂ ਕੀਤੀ। ਅੱਖਰਾਂ ਰਾਹੀਂ ਗੁਰਬਾਣੀ ਨਾਲ ਜੁੜੇ। ਸੂਬੇ ਨਾਂ ਦੇ ਸੱਜਣ ਪਾਸੋਂ ਢੋਲਕੀ ਸਿੱਖੀ। ਢੋਲਕੀ ਵਜਾ ਕੇ ਧਾਰਨਾ ਪੜ੍ਹਨੀਆਂ, ਕੀਰਤਨ ਕਰਨਾ। 1924 ਵਿੱਚ ਜਦ ਜੈਤੋ ਦਾ ਮੋਰਚਾ ਲੱਗਿਆ ਤਾਂ ਸਿੱਖੀ ਜਜ਼ਬਾ ਨੌਂ ਸਾਲ ਦੀ ਉਮਰ ਵਿੱਚ ਮੋਰਚੇ ਵਿੱਚ ਲੈ ਗਿਆ।

ਕੁਝ ਵੱਡੇ ਹੋਣ ਤੇ ਘਰ ਦੇ ਪਸ਼ੂ ਚਾਰਨ ਵਾਸਤੇ ਲੈ ਜਾਣ ਲੱਗੇ। ਉਹਨੀਂ ਦਿਨੀਂ ਹੀ ਮਹਾਂਪੁਰਖ ਰਾੜੇ ਦੀ ਢੱਕੀ ਵਿੱਚ ਆਏ ਸਨ। ਇਲਾਕੇ ਵਿੱਚ ਮਹਾਂਪੁਰਖਾਂ ਦੀ ਕਰਨੀ ਕਮਾਈ ਦੀ ਖੁਸ਼ਬੋ ਫੈਲ ਰਹੀ ਸੀ। ਦਬੁਰਜੀ ਪਿੰਡ ਰਾੜੇ ਤੋਂ ਨੇੜੇ ਹੀ ਪੈਂਦਾ ਹੈ। ਹਰਚੰਦ ਸਿੰਘ ਨੇ ਵੀ ਕਨਸੋਅ ਸੁਣਨੀ ਤਾਂ ਦਰਸ਼ਨਾਂ ਦੀ ਇੱਛਾ ਹੋਣੀ। ਪੂਰਬਲੇ ਸੰਜੋਗ ਜ਼ੋਰ ਪਾ ਰਹੇ ਸਨ।

ਜਦ ਸਮਾਂ ਬਣਿਆ, ਦਰਸ਼ਨ ਕੀਤੇ ਤਾਂ ਮਨ ਮੋਹਿਆ ਗਿਆ। ਮਨ ਬਣਾ ਲਿਆ ਕਿ ਇੱਥੇ ਮਹਾਂਪੁਰਖਾਂ ਪਾਸ ਹੀ ਰਹਿਣਾ ਹੈ। ਘਰ ਆ ਕੇ ਆਪਣੇ ਮਨ ਦੀ ਭਾਵਨਾ ਦੱਸ ਦਿੱਤੀ।

ਜਿਸ ਵੇਲੇ ਹਰਚੰਦ ਸਿੰਘ ਪੱਕੇ ਤੌਰ ਤੇ ਰਹਿਣ ਲਈ ਆਇਆ, ਮਹਾਂਪੁਰਖ ਢੱਕੀ ਤੋਂ ਨਹਿਰ ਦੇ ਕਿਨਾਰੇ, ਜਿੱਥੇ ਹੁਣ ਅਸਥਾਨ ਹੈ, ਆ ਚੁੱਕੇ ਸਨ। ਅੰਮ੍ਰਿਤ ਛਕਣ ਉਪਰੰਤ ਹਰਚੰਦ ਸਿੰਘ ਦਾ ਨਾਂ ਮਹਿੰਦਰ ਸਿੰਘ ਰੱਖਿਆ ਗਿਆ ਅਤੇ ਅੱਜ ਸੰਗਤਾਂ ਦੇ ਹਿਰਦਿਆਂ ਉੱਪਰ ਇਹ ਨਾਮ ਜੱਥੇਦਾਰ ਬਾਬਾ ਮਹਿੰਦਰ ਸਿੰਘ ਜੀ ਜਰਗ ਵਾਲਿਆਂ ਦੇ ਰੂਪ ਵਿੱਚ ਉਕਰਿਆ ਹੋਇਆ ਹੈ। ਮਹਾਂਪੁਰਖਾਂ ਵੱਲੋਂ (ਬਾਬਾ) ਮਹਿੰਦਰ ਸਿੰਘ ਜੀ ਨੂੰ ਲੰਗਰ ਦੀ ਡਿਊਟੀ ਦਿੱਤੀ

ਗਈ। ਲੰਗਰ ਵਿੱਚ ਸੇਵਾ ਕਰਨ ਦੇ ਨਾਲ ਹੀ ਅੰਮ੍ਰਿਤ ਵੇਲੇ ਭਜਨ ਬੰਦਗੀ ਵਿੱਚ ਲੀਨ ਹੋਣਾ। ਇਸ ਦੇ ਨਾਲ ਹੀ ਗਿਆਨੀ ਬਲਬੀਰ ਸਿੰਘ ਜੀ ਪਾਸੋਂ ਗੁਰਬਾਣੀ ਸੰਥਿਆ ਅਤੇ ਅਰਥ-ਬੋਧ ਪ੍ਰਾਪਤ ਕਰਦੇ। ਇੰਨਾ ਹੀ ਨਹੀਂ ਨਿਹੰਗ ਭਾਈ ਬਚਨ ਸਿੰਘ ਪਾਸੋਂ ਗਤਕੇ ਦੀ ਕਲਾ ਸਿੱਖਣ ਲੱਗੇ। ਮਨ ਵਿੱਚ ਹਰ ਵੇਲੇ ਚਾਉ ਰਹਿੰਦਾ। ਛੇਤੀ ਹੀ ਗਤਕੇ ਵਿੱਚ ਮਾਹਰ ਹੋ ਗਏ ਅਤੇ ਅੱਗੇ ਚੱਲ ਕੇ ਹੋਰਾਂ ਨੂੰ ਗਤਕਾ ਸਿਖਾਇਆ ਵੀ। ਨਾਮ-ਅਭਿਆਸ, ਭਜਨ ਬੰਦਗੀ ਦਾ ਅਣਥੱਕ ਉੱਦਮ ਸੀ। ਗਰਮੀ-ਸਰਦੀ ਮੀਂਹ ਹਨ੍ਹੇਰੀ ਹਰ ਮੌਸਮ ਹਰ ਰੁੱਤ ਵਿੱਚ ਪੂਰਨ ਉਤਸ਼ਾਹ ਨਾਲ ਸਮਾਂ ਸੰਭਾਲਣਾ।

ਦੋ ਸਾਲ ਲੰਘਣ ਤੇ ਮਹਾਂਪੁਰਖਾਂ ਨੇ ਲੰਗਰ ਦੀ ਸੇਵਾ ਥਾਂ ਆਪਣੇ ਨਾਲ ਜਾਣ ਵਾਲੇ ਜੱਥੇ ਵਿੱਚ ਸ਼ਾਮਿਲ ਕਰ ਲਿਆ। ਦੀਵਾਨ ਲਗਾਉਣ ਜਾਣਾ ਤਾਂ ਨਾਲ ਲੈ ਕੇ ਜਾਣਾ। ਕੁਝ ਸਮੇਂ ਬਾਅਦ ਢੋਲਕੀ ਵਜਾਉਣ ਦੀ ਸੇਵਾ ਦੇ ਦਿੱਤੀ। ਮਹਾਂਪੁਰਖਾਂ ਨਾਲ ਕੀਰਤਨ ਵਿੱਚ ਢੋਲਕੀ ਵਜਾਉਣੀ।

ਗਿਆਨੀ ਬਲਬੀਰ ਸਿੰਘ, ਜਿਨ੍ਹਾਂ ਪਾਸੋਂ (ਬਾਬਾ) ਮਹਿੰਦਰ ਸਿੰਘ ਗੁਰਬਾਣੀ ਸੰਥਿਆ ਪ੍ਰਾਪਤ ਕਰ ਰਹੇ ਸਨ, ਉਨ੍ਹਾਂ ਦਾ ਪਿੰਡ ਭੁੱਟਾ ਸੀ। ਮਹਾਂਪੁਰਖਾਂ ਪਾਸ ਆਇਆ ਕਰਦੇ ਸਨ। 1935 ਵਿੱਚ ਆ ਕੇ ਮਹਾਂਪੁਰਖਾਂ ਪਾਸ ਰਹਿਣ ਲੱਗੇ। ਮਹਾਂਪੁਰਖਾਂ ਨੇ ਕੋਲੋਂ ਖਰਚ ਦੇ ਕੇ ਵਿਦਵਾਨ ਗੁਰਮੁਖਾਂ ਪਾਸ ਵਿਦਿਆ ਪੜ੍ਹਨ ਭੇਜਿਆ।

ਵਿੱਦਿਆ ਪੜ੍ਹਨੀ ਕੋਈ ਗੁਣ ਸਿੱਖਣਾ ਜੀਵਨ ਨੂੰ ਵਧੇਰੇ ਸਾਰਥਕ ਬਣਾਉਂਦਾ ਹੈ, ਜੇਕਰ ਵਿਦਿਆ ਦਾ ਮਰਮ ਸਮਝਿਆ ਜਾਵੇ। ਗਿਆਨੀ ਬਲਬੀਰ ਸਿੰਘ ਜੀ ਨੇ ਜਗਿਆਸਾ ਅਤੇ ਉੱਦਮ ਨਾਲ ਵਿਦਿਆ ਪੜ੍ਹੀ ਅਤੇ ਜੀਵਨ ਵਿੱਚ ਵੀ ਗੁਣ ਧਾਰਨ ਕਰਦੇ ਗਏ। 1940 ਵਿੱਚ ਗਿਆਨੀ ਜੀ ਵਿਦਿਆ ਪੜ੍ਹ ਕੇ ਮਹਾਂਪੁਰਖਾਂ ਪਾਸ ਆ ਗਏ। ਇਨ੍ਹਾਂ ਨੂੰ ਵਿਦਿਆ ਪੜ੍ਹਾਉਣ ਅਤੇ ਕਥਾ ਕਰਨ ਦੀ ਡਿਊਟੀ ਪ੍ਰਾਪਤ ਹੋਈ। ਹਰ ਰੋਜ਼ ਵਿਦਿਆਰਥੀਆਂ ਨੂੰ ਸੰਥਿਆ ਦਿੰਦੇ, ਅਰਥ-ਬੋਧ ਕਰਾਉਂਦੇ ਅਤੇ ਗੁਰਮਤਿ ਵਿਦਿਆ ਅਤੇ ਇਤਿਹਾਸ ਦੇ ਹੋਰ ਗ੍ਰੰਥ ਵੀ ਪੜ੍ਹਾਉਂਦੇ। ਸਵੇਰੇ ਗੁਰਬਾਣੀ ਕਥਾ ਕਰਦੇ। ਸ਼ਾਮ ਨੂੰ ਗੁਰ ਇਤਿਹਾਸ ਦੀ ਕਥਾ ਕਰਦੇ। ਕਦੇ-ਕਦੇ ਮਹਾਂਪੁਰਖ ਦੀਵਾਨਾਂ ਵਿੱਚ ਵੀ ਲੈ ਜਾਂਦੇ।

1945 ਵਿੱਚ ਇੱਕ ਹੋਰ ਗੁਰਮੁਖ ਸੁਭਾਅ ਦੇ ਸੱਜਣ ਗਿਆਨੀ ਮੋਹਣ ਸਿੰਘ ਜੀ ਆਜ਼ਾਦ ਮਹਾਂਪੁਰਖਾਂ ਦਾ ਜੀਵਨ 'ਰੂਹਾਨੀ ਸੰਦੇਸ਼' ਲਿਖਿਆ। ਗਿਆਨੀ ਮੋਹਣ ਸਿੰਘ ਜੀ ਦਾ ਜਨਮ ਪਿੰਡ ਭੈਣੀ ਬਾਘਾ ਰਿਆਸਤ ਪਟਿਆਲਾ ਵਿਖੇ 1926 ਨੂੰ ਪਿਤਾ ਅਰੂੜ ਸਿੰਘ ਅਤੇ ਮਾਤਾ ਗੰਗਾ ਦੇਵੀ ਘਰ ਹੋਇਆ। ਪੰਜਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂਲ ਵਿੱਚ ਕੀਤੀ। ਪਰਮਾਰਥ ਵਿੱਚ ਰੁਚੀ ਹੋਣ ਕਾਰਨ ਕੁਝ ਵੱਡੇ ਹੋਣ ਤੇ ਪੂਰਨ ਮਹਾਂਪੁਰਖਾਂ ਦੀ ਭਾਲ ਵਿੱਚ ਘਰੋਂ ਨਿਕਲ ਤੁਰੇ। ਰਮਤੇ ਹੋ ਗਏ। ਰਮਣ ਕਰਦਿਆਂ ਰਾਜਸਥਾਨ ਵਿੱਚ ਬਾਬਾ ਇੰਦਰ ਸਿੰਘ ਜੀ ਪਾਸੋਂ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੀ ਕਨਸੋਅ ਸੁਣੀ।

ਰਾੜਾ ਸਾਹਿਬ ਆਉਣ ਪਹੁੰਚੇ। ਮਹਾਂਪੁਰਖਾਂ ਦੇ ਦਰਸ਼ਨ ਕਰਕੇ ਅਤੇ ਰੂਹਾਨੀ ਵਾਤਾਵਰਨ ਦੇਖ ਕੇ ਮਹਾਂਪੁਰਖਾਂ ਪਾਸ ਹੀ ਰਹਿ ਪਏ। ਭਜਨ-ਬੰਦਗੀ, ਸੇਵਾ ਅਤੇ ਗਿਆਨੀ ਬਲਬੀਰ ਸਿੰਘ ਜੀ ਪਾਸੋਂ ਗੁਰਬਾਣੀ ਸੰਥਿਆ- ਇਹੋ ਰੋਜ਼ ਦਾ ਨੇਮ ਬਣ ਗਿਆ।

ਪੂਰਬਲੇ ਸੰਸਕਾਰ ਜਗਿਆਸੂਆਂ ਨੂੰ ਪ੍ਰੇਰ ਕੇ ਰਾੜਾ ਸਾਹਿਬ ਲੈ ਕੇ ਆ ਰਹੇ ਸਨ। ਗੁਰ-ਸ਼ਬਦ ਨਾਲ ਜੁੜ ਕੇ ਰੂਹਾਨੀਅਤ ਦੀ ਮੰਜ਼ਿਲ ਮਕਸੂਦ ਵੱਲ ਵੱਧ ਰਹੇ ਸਨ।

❑❑❑

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

**507**

ਜਿਹੜਾ ਅੰਮ੍ਰਿਤ ਵੇਲੇ ਨਿਤਨੇਮ ਦੀ ਨੀਂਹ ਪੱਕੀ ਕਰਕੇ ਚੱਲੇਗਾ, ਉਸਦੇ ਸਾਰੇ ਕੰਮਾਂ ਵਿੱਚ ਗੁਰੂ ਨਾਨਕ ਸਾਹਿਬ ਆਪ ਸਹਾਈ ਹੋਣਗੇ।

**508**

ਇੱਕ ਹੈ ਸਿੱਖ ਗੁਰੂ ਨਾਲ ਪਿਆਰ ਕਰੇ ਪਰ ਅੰਮ੍ਰਿਤ ਵੇਲਾ ਇੰਨੀ ਵੱਡੀ ਦਾਤ ਹੈ, ਜਿਹੜਾ ਅੰਮ੍ਰਿਤ ਵੇਲੇ ਨਿਤਨੇਮ ਦਾ ਥੜਾ ਪੱਕਾ ਕਰਦਾ ਹੈ, ਗੁਰੂ ਸਾਹਿਬ ਉਸ ਨੂੰ ਪਿਆਰ ਕਰਨ ਲੱਗ ਪੈਂਦੇ ਹਨ।

**509**

ਬਾਹਰਲੀ ਦੁਨੀਆਂ ਵਿੱਚੋਂ ਤੁਹਾਨੂੰ ਇਹ ਸਿੱਖਣ ਨੂੰ ਮਿਲੇਗਾ, ਕਿਸੇ ਨੂੰ ਕਸਰ ਲਗਾਉਣੀ ਕਿਵੇਂ ਹੈ? ਪਰ ਗੁਰੂ ਨਾਨਕ ਸਾਹਿਬ ਦੇ ਘਰ ਵਿੱਚ ਆ ਕੇ ਸਿੱਖਣ ਨੂੰ ਮਿਲੇਗਾ ਕਿ ਕਸਰ ਖਾਣੀ ਕਿਵੇਂ ਹੈ, ਭਾਵ ਦੂਸਰਿਆਂ ਦਾ ਫਾਇਦਾ ਸੋਚ ਤੇਰਾ ਫਾਇਦਾ ਗੁਰੂ ਨਾਨਕ ਸਾਹਿਬ ਆਪੇ ਹੀ ਕਰ ਦੇਣਗੇ।

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਅਠਾਰ੍ਹਵਾਂ ਭਾਗ- ਧੰਨ ਧੰਨ ਬੀਬੀ ਬਸੰਤ ਲਤਾ ਕੌਰ ਜੀ

## ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬੀਬੀ ਬਸੰਤ ਲਤਾ ਕੌਰ ਦੀ ਸਮੁੰਦ ਖਾਂ ਕੋਲੋਂ ਕਿਵੇਂ ਰਾਖੀ ਕੀਤੀ?

*—ਸੰਪਾਦਕ*

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—"ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਅਠਾਰ੍ਹਵਾਂ ਭਾਗ- ਧੰਨ ਧੰਨ ਬੀਬੀ ਬਸੰਤ ਲਤਾ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*ਮ: ੧॥*
*ਭੰਡਿ ਜੰਮੀਐ*
*ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*
*(ਅੰਗ ੪੭੩)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਿਆਰ ਸਤਿਕਾਰ ਵਿੱਚ ਆਖੋ ਸਤਿਨਾਮ ਸ੍ਰੀ ਵਾਹਿਗੁਰੂ।

ਕੋਠੀਆਂ ਇੱਥੇ ਰਹਿ ਜਾਣੀਆਂ ਹਨ। ਮਾਇਆ ਇੱਥੇ ਰਹਿ ਜਾਣੀ ਹੈ। ਕਈ ਤਰ੍ਹਾਂ ਦੀਆਂ ਡਿਗਰੀਆਂ ਇੱਥੇ ਹੀ ਰਹਿ ਜਾਣੀਆਂ ਹਨ। ਇੱਥੋਂ ਤੱਕ ਕਿ ਸਰੀਰ ਵੀ ਇੱਥੇ ਹੀ ਰਹਿ ਜਾਣਾ ਹੈ। ਮੇਰੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਹਾਡੇ ਕਿੰਨੇ ਕੁ ਸ਼ੁਕਰਾਨੇ ਕਰੀਏ, ਇੱਕ ਚੀਜ਼ ਜਿਹੜੀ ਨਾਲ ਜਾਂਦੀ ਹੈ, ਸਤਿਸੰਗ ਦੀਆਂ ਘੜੀਆਂ। ਹੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਹਾਡਾ ਤਰਸ ਹੈ ਕਿ ਤੁਸੀਂ ਸਤਿਸੰਗ ਦੀਆਂ ਘੜੀਆਂ ਵਿੱਚ ਲੈ ਆਉਂਦੇ ਹੋ। ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਗੁਰਬਾਣੀ ਰਾਹੀਂ ਸੋਝੀ ਪਾਉਂਦੇ ਹਨ।

***ਧਰਮ ਰਾਇ ਜਬ ਲੇਖਾ ਮਾਗੈ ਕਿਆ ਮੁਖੁ ਲੈ ਕੈ ਜਾਹਿਗਾ ॥***
***ਕਹਤੁ ਕਬੀਰੁ ਸੁਨਹੁ ਰੇ ਸੰਤਹੁ ਸਾਧਸੰਗਤਿ ਤਰਿ ਜਾਂਹਿਗਾ ॥੩॥੧॥***
***(ਅੰਗ ੧੧੦੬)***

ਸਤਿਸੰਗ ਦੀਆਂ ਘੜੀਆਂ ਦੀ ਐਸੀ ਮਹਾਨਤਾ ਹੈ ਕਿ ਜੀਵ ਬਾਅਦ ਵਿੱਚ ਪਹੁੰਚੇਂਗਾ ਪਰ ਇਹ ਘੜੀਆਂ ਪਹਿਲਾਂ ਪਹੁੰਚੀਆਂ ਹੋਣਗੀਆਂ। ਸੱਜਣ ਬਣ ਕੇ ਸਾਥ ਦੇਣਗੀਆਂ। ਇੱਕ ਪ੍ਰਕਰਨ ਦੀ ਮਹਾਰਾਜ ਜੀ ਸੇਵਾ ਲੈ ਰਹੇ ਹਨ। ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ। ਇਸ ਵਾਰ ਅਠਾਰ੍ਹਵੇਂ ਭਾਗ ਦੀ ਵਾਰੀ ਹੈ।

**ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :**

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਂਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ, ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ, ਸਤਾਰ੍ਹਵੇਂ ਭਾਗ ਵਿੱਚ ਮਾਤਾ ਜੀਤੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਅਠਾਰ੍ਹਵੇਂ ਭਾਗ ਦੀ ਵਾਰੀ ਹੈ। ਬਹੁਤ ਰੰਗੀ ਹੋਈ ਬੀਬੀ ਜੀ ਹਨ ਜਿਸਦਾ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨਾਲ ਬਹੁਤ ਪਿਆਰ ਸੀ, ਹੁਣ ਉਨ੍ਹਾਂ ਦੇ ਜੀਵਨ ਦੇ ਦਰਸ਼ਨ ਕਰਨੇ ਹਨ :

***ਧੰਨ ਧੰਨ ਬੀਬੀ ਬਸੰਤ ਲਤਾ ਕੌਰ ਜੀ***

ਇੱਕ ਵਾਰ ਪੰਕਤੀਆਂ ਪੜ੍ਹੋ ਤੇ ਫਿਰ ਇਨ੍ਹਾਂ ਦੇ ਜੀਵਨ ਵਿੱਚੋਂ ਕੁਝ ਝਲਕੀਆਂ ਤੇ ਗੁਰੂ ਸਾਹਿਬ ਸੇਵਾ ਲੈਣ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***(ਅੰਗ ੪੭੩)***

ਬੀਬੀ ਬਸੰਤ ਲਤਾ ਕੌਰ ਜੀ, ਇਹ ਖੱਤਰੀਆਂ ਦੀ ਬੇਟੀ ਸੀ। ਦੂਜਾ ਲਿਖਿਆ ਹੈ ਕਿ ਇਨ੍ਹਾਂ ਦੀ ਰਿਹਾਇਸ਼, ਸ੍ਰੀ ਅਨੰਦਪੁਰ ਸਾਹਿਬ ਦੇ ਬਿਲਕੁਲ ਨਜ਼ਦੀਕ ਸੀ। ਤੀਜਾ ਲਿਖਿਆ ਹੈ ਕਿ ਇਨ੍ਹਾਂ ਦੇ ਮਾਂ-ਬਾਪ ਅੰਦਰੋਂ ਗੁਰੂ ਘਰ ਦੇ ਪੂਰੇ ਸ਼ਰਧਾਲੂ ਹਨ। ਇੱਕ ਹੁੰਦਾ ਹੈ, ਵਿਖਾਵੇ ਦੇ ਸ਼ਰਧਾਲੂ। ਰੋਜ਼ ਸਵੇਰੇ ਜ਼ਰੂਰ ਅਰਦਾਸ ਕਰਿਓ। ਮਹਾਰਾਜ ਜੀ, ਵਿਖਾਵੇ ਦੇ ਸ਼ਰਧਾਲੂ ਨਾ ਬਣਾਈਂ, ਅੰਦਰੋਂ ਸ਼ਰਧਾਲੂ ਬਣਾਈਂ।

***ਸਾਚੁ ਕਹੌਂ ਸੁਨ ਲੇਹੁ ਸਭੈ***
***ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥੨੯॥***
***(ਤ੍ਵ ਪ੍ਰਸਾਦਿ ਸ੍ਵਯੇ)***

ਜਿਸ ਦਿਨ ਜਪੁਜੀ ਸਾਹਿਬ ਦਾ ਪਾਠ ਨਾ ਕੀਤਾ ਹੋਵੇ, ਰੋਟੀ ਦੀ ਬੁਰਕੀ ਮੂੰਹ ਵਿੱਚ ਪਾਉਣੀ ਸਾਨੂੰ ਜ਼ਹਿਰ ਜਾਪੇ। ਸਾਈਂ ਦੀ ਹਾਜ਼ਰੀ ਨਹੀਂ ਲੱਗੀ। ਅੰਦਰੋਂ ਸ਼ਰਧਾ। ਅੱਧਾ ਪੌਣਾ ਘੰਟਾ, ਇੱਕ ਘੰਟਾ ਜਦ ਤੱਕ ਨਾਮ ਸਿਮਰਨ ਵਿੱਚ ਹਾਜ਼ਰੀ ਨਹੀਂ ਲੱਗੀ, ਰਸੋਈ ਵਿੱਚ ਵੜ੍ਹਨ ਲੱਗਿਆਂ ਅੰਦਰ ਕੁਝ ਹੋਵੇ। ਇਹ ਲਿਖਿਆ ਹੈ ਕਿ ਬੀਬੀ ਬਸੰਤ ਲਤਾ ਕੌਰ ਜੀ ਦੇ ਮਾਂ-ਬਾਪ ਅੰਦਰੋਂ ਸ਼ਰਧਾਲੂ ਸਨ, ਗੁਰੂ ਘਰ ਦੇ। ਚੌਥਾ ਲਿਖਿਆ ਹੈ, ਚੰਗਾ ਲੱਗਾ ਵੇਖ ਲੈਣਾ। ਇਹ ਬੀਬੀ ਬਸੰਤ ਲਤਾ ਕੌਰ ਜੀ ਦੇ ਮਾਤਾ-ਪਿਤਾ ਜੀ ਜਿੰਨੀ ਮਹੀਨੇ ਦੀ ਆਮਦਨ ਹੈ, ਇੱਕ ਹੁੰਦਾ ਹੈ,

ਦਸਵੰਧ ਕੱਢਣਾ। ਜਿਹੜੀਆਂ ਗੱਲਾਂ ਰਾਈਟਰਾਂ ਨੇ ਵਿਸ਼ੇਸ਼ ਖੋਜ ਕਰਕੇ ਲਿਖੀਆਂ ਹੋਣ, ਉਹ ਫਿਰ ਆਪ ਜੀ ਅੱਗੇ ਥਾਨ ਖੋਲ੍ਹੀਦੇ ਹਨ। ਇਹ ਲਿਖਿਆ ਹੈ ਕਿ ਇਸ ਬੱਚੀ ਦੇ ਮਾਤਾ-ਪਿਤਾ ਜੀ ਦਸਵੰਧ ਤੱਕ ਸੀਮਤ ਨਹੀਂ ਸੀ ਕਿ ਕਮਾਈ ਦਾ ਦਸਵੰਧ ਗੁਰੂ ਘਰ ਲਈ ਕੱਢਣਾ ਹੈ, ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਇੰਨਾ ਪਿਆਰ ਸ਼ਰਧਾ ਸੀ ਕਿ ਆਪਣੇ ਕਾਰੋਬਾਰ ਵਿੱਚ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਭਾਈਵਾਲ ਬਣਾਇਆ ਹੋਇਆ ਸੀ। ਭਾਈਵਾਲ ਸਮਝਿਓ। 25 ਪੈਸੇ ਭਾਈਵਾਲੀ ਗੁਰੂ ਦੀ ਜਾਂ 40 ਪੈਸੇ ਭਾਈਵਾਲੀ ਗੁਰੂ ਦੀ। ਇਹ ਫਿਰ ਦਸਵੰਧ ਤੋਂ ਉੱਪਰ ਛਾਲ ਹੈ। ਤੁਹਾਡੇ ਵਿੱਚੋਂ ਕਈ ਬੈਠੇ ਹਨ। ਸਾਈਡ ਬਿਜ਼ਨਸ ਕਰਦੇ ਹਨ। ਤੇ ਫਿਰ ਵਿਧਵਾ ਬੀਬੀਆਂ ਨੂੰ ਸੇਵਾ ਦੀ ਹਾਜ਼ਰੀ ਲਗਾਉਂਦੇ ਹਨ। ਜਦੋਂ ਸੇਵਾ ਦੀ ਹਾਜ਼ਰੀ ਵੱਡੀ ਹੁੰਦੀ ਹੈ ਤੇ ਫਿਰ ਪੁੱਛੀਦਾ ਹੈ, ਕਾਰੋਬਾਰ ਤਾਂ ਤੁਹਾਡਾ ਉਨਾ ਕੁ ਹੀ ਹੈ। ਫਿਰ ਦੱਸਦੇ ਹਨ ਕਿ ਅਸੀਂ ਸਾਈਡ ਬਿਜ਼ਨਸ ਕਰਦੇ ਹਾਂ ਤੇ ਅਸੀਂ ਪੱਚੀ ਪਰਸੈਂਟ ਭਾਈਵਾਲ ਗੁਰੂ ਸਾਹਿਬ ਨੂੰ ਵਿੱਚ ਨਾਲ ਬਣਾਇਆ ਹੈ। ਇਹ ਦਸਵੰਧ ਤੋਂ ਵੀ ਉੱਪਰ ਹੈ। ਗੁਰੂ ਕਲਗੀਧਰ ਪਿਤਾ ਜੀ ਨੂੰ ਭਾਈਵਾਲ ਬਣਾਇਆ ਹੈ।

ਜੋ ਲਫਜ਼ ਲਿਖੇ ਹਨ, ਦਾਸ ਬੋਲ ਰਿਹਾ ਹੈ। ਇਹ ਬੀਬੀ ਬਸੰਤ ਲਤਾ ਕੌਰ ਜੀ ਦੇ ਮਾਤਾ-ਪਿਤਾ ਜੀ ਇੰਨੇ ਸ਼ਰਧਾਲੂ ਸੀ, ਇਹ ਲਿਖਿਆ ਹੈ ਕਿ ਦਸਵੰਧ ਤੱਕ ਸੀਮਤ ਨਹੀਂ ਸਨ, ਉਹ ਲਫਜ਼ ਲਿਖੇ ਹਨ, ਆਮਦਨ ਦਾ ਬਹੁਤ ਵੱਡਾ ਹਿੱਸਾ ਗੁਰੂ ਘਰ ਪਹੁੰਚਾਉਂਦੇ ਸੀ, ਇਨ੍ਹਾਂ ਦੇ ਮਾਤਾ-ਪਿਤਾ ਜੀ। ਪੰਜਵੀਂ ਗੱਲ ਲਿਖੀ ਹੈ, ਬੀਬੀ ਬਸੰਤ ਲਤਾ ਕੌਰ ਜੀ ਜਦੋਂ ਸੌਲ੍ਹਾਂ ਸਾਲ ਦੇ ਹੋਏ, ਮਾਤਾ-ਪਿਤਾ ਵਰ ਲੱਭਣ ਲੱਗ ਪਏ ਕਿ ਹੁਣ ਵਿਆਹ ਕਰ ਦੇਣਾ ਹੈ। ਕਈ ਰੂਹਾਂ ਨੂੰ ਧੁਰੋਂ ਬਖਸ਼ਸ਼ ਹੁੰਦੀ ਹੈ। ਇਨ੍ਹਾਂ ਨੇ ਆਪਣੇ ਮਾਤਾ-ਪਿਤਾ ਜੀ ਨੂੰ ਆਖਿਆ ਕਿ ਮੈਂ ਵਿਆਹ ਨਹੀਂ ਕਰਵਾਉਣਾ। ਮੈਂ ਆਪਣੀ ਜ਼ਿੰਦਗੀ ਸੇਵਾ-ਸਿਮਰਨ ਦੇ ਲੇਖੇ ਲਗਾਉਣੀ ਹੈ। ਉਹ ਕਹਿਣ, ਨਹੀਂ ਬੱਚੀਏ, ਇਹ ਕਿਵੇਂ ਹੋ ਸਕਦਾ ਹੈ। ਇੰਝ ਜ਼ਿੰਦਗੀ ਕੱਟਣੀ ਕਿਤੇ ਸੌਖੀ ਹੈ ਪਰ ਇਹ ਬੱਚੀ ਨਹੀਂ ਮੰਨੀ, ਮਾਂ-ਪਿਓ ਜ਼ਿੱਦ ਕਰਨ। ਇਸ ਨੇ ਮਨ ਵਿੱਚ ਕੀ ਰੱਖਿਆ ਸੀ ਕਿ ਜਿੰਨੀ ਮੇਰੀ ਜ਼ਿੰਦਗੀ ਹੈ, ਉਹ ਮਾਤਾ ਸਾਹਿਬ ਕੌਰ ਜੀ ਦੇ ਚਰਨਾਂ ਵਿੱਚ ਉਨ੍ਹਾਂ ਦੀ ਸੇਵਾ ਕਰਦਿਆਂ ਬਤੀਤ ਹੋ ਜਾਵੇ। ਇਸ ਦਾ ਪਿਆਰ ਸੀ, ਸ੍ਰੀ ਅਨੰਦਪੁਰ ਸਾਹਿਬ ਜਾ ਕੇ ਮਾਤਾ ਜੀ ਦੀ ਸੇਵਾ ਕਰਨੀ। ਕੋਈ ਧੁਰੋਂ ਬਖਸ਼ਿਸ਼ ਹੋਵੇਗੀ, ਰਹਿਮਤ ਹੋਵੇਗੀ। ਪਰਿਵਾਰ ਨਹੀਂ ਸੀ ਮੰਨਦਾ ਤੇ ਪੰਜਵੀਂ ਗੱਲ ਲਿਖੀ ਹੈ ਕਿ ਮਾਤਾ ਸਾਹਿਬ ਕੌਰ ਜੀ ਨੂੰ ਇਸ ਬੱਚੀ ਨੇ ਵਿਚੋਲਾ ਪਾ ਲਿਆ। ਜਦੋਂ ਮਾਤਾ ਸਾਹਿਬ ਕੌਰ ਜੀ ਨੇ ਇਸ ਬੱਚੀ ਦੀ ਅਵਸਥਾ ਵੇਖੀ। ਇੱਕ ਹੁੰਦਾ ਹੈ, ਉੱਤੋਂ ਗੱਲਾਂ ਪਰ ਅੰਦਰ ਵਿਕਾਰ। ਜਦੋਂ ਇਸ ਦੀ ਅੰਦਰ ਦੀ ਪਵਿੱਤਰਤਾ ਤੇ ਸੁੱਚਮਤਾ ਵੇਖੀ, ਮਾਤਾ ਸਾਹਿਬ ਕੌਰ ਜੀ ਨੇ ਵੀ ਪਰਿਵਾਰ ਨੂੰ ਮਨਾ ਲਿਆ ਕਿ ਇਹ ਬੱਚੀ ਕੋਈ ਬਖਸ਼ੀ ਹੋਈ ਰੂਹ ਹੈ। ਭਾਵੇਂ ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਵਿੱਚ ਗ੍ਰਹਿਸਥ ਧਰਮ ਪ੍ਰਧਾਨ ਹੈ। ਪਰ ਕਿਧਰੇ-ਕਿਧਰੇ ਇਸ ਤਰ੍ਹਾਂ ਦੀਆਂ ਰੂਹਾਂ ਦੀ ਕੋਈ ਦਰਗਾਹੀ ਡਿਊਟੀ ਹੁੰਦੀ ਹੈ। ਮਾਤਾ ਸਾਹਿਬ ਕੌਰ ਜੀ ਨੇ ਇਸ ਦੀ ਪਵਿੱਤਰਤਾ, ਸੁੱਚਮਤਾ, ਖਿਆਲ ਵੇਖ ਕੇ ਮਾਤਾ-ਪਿਤਾ ਨੂੰ ਮਨਾ ਲਿਆ ਤੇ ਮਾਤਾ ਸਾਹਿਬ ਕੌਰ ਜੀ ਦੀ ਸੇਵਾ ਵਿੱਚ ਸੌਲ੍ਹਾਂ ਸਾਲ ਦੀ ਕਰੀਬ ਉਮਰ ਵਿੱਚ ਆ ਗਈ। ਹੁਣ ਅੱਗੋਂ ਮਹਾਰਾਜ ਜੀ ਸੇਵਾ ਲੈਣ। ਨਾਲ-ਨਾਲ ਕਿਰਪਾ ਕਰਿਓ ਜੀ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਬੜਾ ਚਿਰ ਲਗਾਇਆ ਕਿ ਬਾਣੀ ਵਿੱਚੋਂ ਪੰਕਤੀ ਲੱਭੇ, ਇਸ ਬੱਚੀ ਦੀ ਅਵਸਥਾ ਦੀ। ਵੇਖੋ, ਪੰਕਤੀ ਵਿੱਚੋਂ ਦਰਸ਼ਨ ਹੁੰਦੇ ਹਨ:

*ਧਨੁ ਸੋਹਾਗਨਿ ਮਹਾ ਪਵੀਤ ॥*
*ਤਪੇ ਤਪੀਸਰ ਡੋਲੈ ਚੀਤ ॥੧॥ ਰਹਾਉ ॥*

*(ਅੰਗ ੮੭੨)*

ਇਹੋ ਜਿਹੀਆਂ ਸੁਹਾਗਣਾਂ ਧੰਨ ਹਨ। ਮਹਾਂ ਪਵੀਤ ਹਨ। ਗੁਰੂ ਸਾਹਿਬ ਮਿਹਰ ਕਰਦੇ ਹਨ। ਇਹ ਜਿਹੜਾ ਪ੍ਰਕਰਨ ਮਹਾਰਾਜ ਜੀ ਨੇ ਚਲਾਇਆ ਹੈ, ਇਸ ਨਾਲ ਕਾਫੀ ਸਮਾਜਿਕ ਸੁਧਾਰ ਵੀ ਹੋ ਰਿਹਾ ਹੈ, ਉਸ ਦੀ ਬਖਸ਼ਿਸ਼ ਹੈ। ਇੱਕ ਹੁੰਦੀ ਹੈ ਸਾਖੀ। ਇੱਕ ਹੁੰਦੇ ਹਨ, ਉਨ੍ਹਾਂ ਦੇ ਜੀਵਨ ਦੇ ਗੁਣ। ਪੰਜ-ਸੱਤ ਰਾਈਟਰਾਂ ਵਿੱਚੋਂ, ਸੂਰਜ ਪ੍ਰਕਾਸ਼ ਵਿੱਚੋਂ, ਕਈ ਟੀਕਾਕਾਰਾਂ ਵਿੱਚੋਂ ਲੱਭੇ ਜਾਣ। ਇਤਿਹਾਸ ਵਿੱਚ ਇਸ ਬੀਬੀ ਜੀ ਦੇ ਚਾਰ ਗੁਣ ਲੱਭੇ ਹਨ। ਕੋਲੋਂ ਨਹੀਂ ਬਣਾਏ, ਚੰਗੇ ਲੱਗਣ ਤੇ ਗ੍ਰਹਿਣ ਕਰਨਾ। ਇਹ ਬੱਚੀ ਮਾਤਾ ਸਾਹਿਬ ਕੌਰ ਜੀ ਕੋਲ ਆ ਗਈ। ਪਰਿਵਾਰ ਦੀ ਖੁਸ਼ੀ ਲੈ ਲਈ, ਮਾਤਾ ਜੀ ਨੇ। ਇਸ ਦਾ ਮਨ ਹੈ, ਇੱਥੇ ਹੀ ਰਹਿਣਾ ਹੈ।

ਬੀਬੀ ਬਸੰਤ ਲਤਾ ਕੌਰ ਜੀ ਦੀ, ਸੌਲ੍ਹਾਂ ਸਾਲ ਦੇ ਕਰੀਬ ਉਮਰ ਹੈ। ਇਨ੍ਹਾਂ ਦਾ ਪਹਿਲਾ ਗੁਣ ਲਿਖਿਆ ਹੈ, ਕੁਕੜ ਦੀ ਬਾਂਗ ਤੇ ਜਾਗਦੇ ਸਨ। ਕੁਕੜ ਜਦੋਂ ਬਾਂਗ ਦਿੰਦਾ ਹੈ, ਉਦੋਂ ਜਾਗਦੇ ਸਨ ਤੇ ਇਸ਼ਨਾਨ ਕਰਕੇ ਨਿਤਨੇਮ ਵਿੱਚ ਜੁੜਦੇ ਸਨ। ਨਿਤਨੇਮ ਕਰਨ ਤੋਂ ਬਾਅਦ ਕੀ ਕਰਦੇ ਸਨ? ਦੀਵਾਨ ਵਿੱਚ ਆ ਜਾਣਾ। ਸ੍ਰੀ ਅਨੰਦਪੁਰ ਸਾਹਿਬ ਦੀਵਾਨ ਲੱਗੇ ਹੁੰਦੇ ਸੀ। ਦੀਵਾਨ ਵਿੱਚ ਆ ਕੇ ਚੌਂਕੜਾ ਮਾਰਨਾ ਤੇ ਕਥਾ-ਕੀਰਤਨ ਕੰਨਾਂ ਨਾਲ ਸੁਣਨਾ ਤੇ ਆਪ ਸਿਮਰਨ ਦੇ ਅਭਿਆਸ ਵਿੱਚ ਬੈਠਣਾ। ਇਹ ਉਹ ਅਵਸਥਾ ਹੈ:

*ਮ: ੪ ॥*
*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥*

*(ਅੰਗ ੩੦੫)*

ਇਹ ਉਹ ਰਸ ਹੈ:

*ਸਲੋਕੁ ਮ: ੫ ॥*
*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥*

*(ਅੰਗ ੫੧੭)*

ਇੱਕ ਕਥਾਵਾਚਕ ਬੜੇ ਪਿਆਰ ਵਾਲੇ ਮਿਲੇ ਤੇ ਉਨ੍ਹਾਂ ਨੇ ਬਚਨ ਸੁਣਾਇਆ। ਉਹ ਕਹਿੰਦੇ ਕਿ ਮੈਨੂੰ ਇੱਕ ਸੱਜਣ ਮਿਲਿਆ, ਸਵੇਰੇ ਪੰਜ-ਸਾਢੇ ਪੰਜ ਵਜੇ ਜਾ ਰਿਹਾ ਸੀ ਤੇ ਮੈਂ ਫਤਹਿ ਬੁਲਾ ਕੇ ਵੈਸੇ ਪੁੱਛਿਆ ਕਿ ਕੀ ਹਾਲ ਹੈ? ਉਹ ਮੈਨੂੰ ਕਹਿਣ ਲੱਗਾ ਕਿ ਦੋ ਕੰਮ ਕਰ ਆਇਆ ਹਾਂ। ਦੋ ਕੰਮ ਕਰਨ ਚੱਲਿਆ ਹਾਂ। ਉਹ ਕਥਾਵਾਚਕ ਕਹਿੰਦੇ ਕਿ ਮੈਂ ਸਮਝਿਆ ਨਹੀਂ। ਕਹਿਣ ਲੱਗੇ, ਰਹਰਾਸਿ ਸਾਹਿਬ ਦੇ ਅਖੀਰ ਤੇ ਮਹਾਰਾਜ ਜੀ ਨੇ ਚਾਰ ਕੰਮ ਕਹੇ ਹਨ,

ਦੋ ਕਰ ਆਇਆ ਹਾਂ।

***ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥***

ਘਰ ਇਸ਼ਨਾਨ ਕਰਕੇ ਦੋ ਕੰਮ ਕਰ ਆਇਆ ਹਾਂ, ਨਿਤਨੇਮ ਕਰ ਆਇਆ ਹਾਂ, ਸਿਮਰਨ ਅਭਿਆਸ ਕਰ ਆਇਆ ਹਾਂ। ਮੁੱਖ ਰਾਹੀਂ, ਹਿਰਦੇ ਰਾਹੀਂ ਵੀ। ਦੋ ਕੰਮ ਕਰਨ ਚੱਲਿਆ ਹਾਂ। ਹੁਣ ਗੁਰਦੁਆਰਾ ਸਾਹਿਬ ਜਾ ਰਿਹਾ ਹਾਂ।

***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***
*(ਅੰਗ ੫੧੭)*

ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨੇਤਰਾਂ ਨਾਲ ਦਰਸ਼ਨ ਕਰਨ ਚੱਲਿਆ ਹਾਂ ਤੇ ਨਾਲ ਆਸਾ ਜੀ ਦੀ ਵਾਰ ਦਾ ਕੀਰਤਨ ਸੁਣਨ ਚੱਲਿਆ ਹਾਂ। ਗੱਲ ਚੰਗੀ ਲੱਗੇ ਤੇ ਦੇਖਿਓ। ਸਾਡੇ ਕੋਲੋਂ ਮਹਾਰਾਜ ਜੀ ਚਾਰੇ ਕੰਮ ਕਰਵਾਉਣ। ਇਹੋ ਜਿਹੀ ਬਿੱਧ ਬਣੇ, ਇਹੋ ਜਿਹੀ ਰਹਿਮਤ ਹੋਵੇ। ਇਹ ਬੀਬੀ ਦਾ ਨੇਮ ਲਿਖਿਆ ਹੈ, ਕੁਕੜ ਦੀ ਬਾਂਗ ਤੇ ਉੱਠਣਾ। ਇਸ਼ਨਾਨ ਕਰਕੇ ਬਾਣੀ ਸਿਮਰਨ ਵਿੱਚ ਜੁੜਨਾ। ਉਸ ਤੋਂ ਬਾਅਦ ਦੀਵਾਨ ਵਿੱਚ ਆ ਜਾਣਾ।

***ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥***
*(ਅੰਗ ੫੧੭)*

ਚਾਰੇ ਕੰਮ ਗੁਰੂ ਸਾਹਿਬ ਕਰਵਾਉਣ। ਦੂਜਾ ਲਿਖਿਆ ਹੈ ਕਿ ਇਹ ਬੀਬੀ ਬਸੰਤ ਲਤਾ ਕੌਰ ਜੀ ਨੇ ਮਾਤਾ ਸਾਹਿਬ ਕੌਰ ਜੀ ਦੇ ਚਰਨਾਂ ਵਿੱਚ ਰਹਿ ਕੇ ਗੁਰਮੁਖੀ ਤੇ ਸੰਸਕ੍ਰਿਤ ਸਿੱਖੀ। ਇਹ ਵੀ ਗੁਣ ਲੈਣਾ। ਗੁਰੂ ਕਲਗੀਧਰ ਮਹਾਰਾਜ ਜੀ ਦੇ ਚਰਨਾਂ ਵਿੱਚ ਰਹਿ ਕੇ ਇਸ ਬੱਚੀ ਨੇ ਇਹ ਭਾਸ਼ਾਵਾਂ ਸਿੱਖੀਆਂ। ਤੀਜਾ ਬੱਚੀ ਦਾ ਗੁਣ ਲਿਖਿਆ ਹੈ ਕਿ ਨਾਮ ਬਾਣੀ ਦਾ ਅਭਿਆਸ ਵੀ ਸੀ ਤੇ ਉਸ ਦੇ ਨਾਲ-ਨਾਲ ਨਿਡਰ ਤੇ ਬਹਾਦਰ ਸੀ। ਅਗਲੀ ਗੱਲ ਇਸ ਦੇ ਨਾਲ ਹੀ ਲਿਖੀ ਹੈ, ਨਾਮ ਬਾਣੀ ਦੇ ਅਭਿਆਸ ਨਾਲ ਨਿਡਰ ਤੇ ਬਹਾਦਰ ਸੀ ਤੇ ਸੇਵਾ ਕਰਕੇ ਖੁਸ਼ੀ ਮਹਿਸੂਸ ਕਰਦੀ ਸੀ। ਬੜੀ ਬਰੀਕ ਗੱਲ ਹੈ। ਇੱਕ ਹੈ, ਧੱਕੇ ਨਾਲ ਸੇਵਾ। ਗੱਲ ਸਮਝਣਾ। ਇੱਕ ਹੈ, ਸੇਵਾ ਵਿੱਚੋਂ ਖੁਸ਼ੀ ਮਿਲਣ ਲੱਗ ਪੈਣੀ, ਰਸ ਮਿਲਣ ਲੱਗ ਪੈਣਾ।

ਤੁਹਾਡੇ ਵਿੱਚੋਂ ਹੀ ਕੋਈ ਭੈਣ ਸੀ। ਕੋਈ ਪਰਾਬਲਮ ਆਈ ਤੇ ਉਸ ਨੂੰ ਬੇਨਤੀ ਕੀਤੀ ਕਿ 13 ਦਿਨ ਬਾਬਾ ਦੀਪ ਸਿੰਘ ਜੀ ਦੇ ਦਰ ਤੇ ਅੱਧਾ ਘੰਟਾ ਝਾੜੂ ਦੀ ਸੇਵਾ ਕਰ। ਵਾਹਿਗੁਰੂ-ਵਾਹਿਗੁਰੂ ਸਿਮਰਨ ਨਾਲ ਚੱਲੇ। 12ਵਾਂ ਦਿਨ ਸੀ ਤੇ ਉਸ ਦੀ ਸਹੇਲੀ ਨੇ ਉਸਨੂੰ ਪੁੱਛਿਆ, ਕੀ ਗੱਲ ਝਾੜੂ ਦੀ ਸੇਵਾ ਕਰ ਰਹੀ ਹੈਂ। ਕਹਿਣ ਲੱਗੀ, 12 ਦਿਨ ਹੋ ਗਏ ਹਨ ਅੱਜ ਸ਼ੁਕਰ ਹੈ, ਕੱਲ੍ਹ ਦਾ ਇੱਕੋ ਦਿਨ ਹੀ ਰਹਿ ਗਿਆ ਹੈ। ਹੁਣ ਨੋਟ ਕਰਨਾ। ਭਾਵੇਂ ਕਿਵੇਂ ਵੀ ਹੈ। ਉਹ ਹਾਜ਼ਰੀ ਲਗਾ ਲਵੇ ਪਰ ਇੱਕ ਸੇਵਾ ਕਰਕੇ ਖੁਸ਼ੀ ਮਹਿਸੂਸ ਹੋਣੀ ਹੋਰ ਗੱਲ ਹੈ। ਇੰਝ ਬੱਧਾ ਚੱਟੀ ਕਰਨੀ, ਕਦੋਂ ਇੰਨੇ ਦਿਨ ਪੂਰੇ ਹੋਣਗੇ, ਗੱਲ ਹੋਰ ਹੈ। ਇਹ ਬੱਧਾ ਚੱਟੀ ਹੈ। ਸੇਵਾ ਕਰਦਿਆਂ, ਸਿਮਰਨ ਕਰਦਿਆਂ ਅੱਗੋਂ ਰਸ ਆ ਜਾਣਾ। ਜਿਹੜਾ ਇੰਝ ਵੀ ਕਰੇ, ਕਦੋਂ ਦਿਨ ਪੂਰੇ ਹੋਣਗੇ, ਅਸੀਂ ਉਸਦੇ ਵੀ ਚਰਨ ਧੋ ਕੇ ਪੀਂਦੇ ਹਾਂ, ਲੱਗਾ ਤਾਂ ਹੋਇਆ ਹੈ, ਸ਼ੁਕਰ ਹੈ, ਲੱਗਾ ਹੈ, ਟੀ.ਵੀ. ਤੇ ਰੰਗ ਤਮਾਸ਼ੇ ਤਾਂ ਨਹੀਂ ਵੇਖ ਰਿਹਾ ਪਰ ਇਸ ਤੋਂ ਅੱਗੇ ਅਵਸਥਾ ਹੈ, ਜਿੱਥੇ ਇਨ੍ਹਾਂ ਚੀਜ਼ਾਂ ਦੀ ਭੁੱਖ ਲੱਗਣੀ ਸ਼ੁਰੂ ਹੋ ਜਾਵੇ। ਇਨ੍ਹਾਂ ਚੀਜ਼ਾਂ ਕਰਕੇ ਖੁਸ਼ੀ ਮਹਿਸੂਸ ਹੋਵੇ, ਅੰਦਰੋਂ ਪ੍ਰਸੰਨਤਾ ਹੋਵੇ, ਠੰਡ ਮਹਿਸੂਸ ਹੁੰਦੀ ਹੈ, ਰਿਲੀਫ ਮਿਲਦੀ ਹੈ। ਉਸ ਰਿਲੀਫ ਨੂੰ ਇਹ ਸੰਗਤ ਵਿੱਚ ਆ ਕੇ ਸਮਝਣਾ ਪਵੇਗਾ।

ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਬੈਠਦੇ ਚੰਦੋਏ ਥੱਲੇ ਹਨ, ਬੈਠਦੇ ਤਖ਼ਤ ਤੇ ਹਨ, ਪਰ ਇਸ ਚੀਜ਼ ਨਾਲ ਕਿੰਨੀ ਰਿਲੀਫ ਮਿਲਦੀ ਹੈ ਕਿ ਦਸ-ਸਾਢੇ ਦਸ ਵਜਦੇ ਸੀ ਤੇ ਤਰਨ ਤਾਰਨ ਸਾਹਿਬ

ਹੱਥੀਂ ਕੋਹੜੀਆਂ ਦੀ ਸੇਵਾ ਕਰਦੇ ਸੀ। ਇਹ ਅਰਦਾਸ ਕਰੋ, ਨਿੱਕਾ ਜਿਹਾ ਪੜਦਾ ਹੀ ਹੈ, ਉਹ ਲੰਘ ਜਾਈਏ, ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰਦਾ ਹੈ, ਬੱਧਾ ਚੱਟੀ ਖਤਮ ਹੋ ਜਾਂਦੀ ਹੈ। ਉਸ ਵਿੱਚੋਂ ਰਸ ਆਉਣਾ ਸ਼ੁਰੂ ਹੋ ਜਾਂਦਾ ਹੈ, ਖੁਸ਼ੀ ਮਹਿਸੂਸ ਹੋਣੀ ਸ਼ੁਰੂ ਹੋ ਜਾਂਦੀ ਹੈ। ਇਹ ਤੀਜਾ ਬਚਨ ਲਿਖਿਆ ਹੈ ਕਿ ਇਹ ਬੱਚੀ ਬਸੰਤ ਲਤਾ ਕੌਰ ਨਿਡਰ ਤੇ ਬਹਾਦਰ ਸੀ ਤੇ ਸੇਵਾ ਕਰਕੇ ਖੁਸ਼ੀ ਮਹਿਸੂਸ ਕਰਦੀ ਹੈ। ਹੁਣ ਅਗਲੀ ਗੱਲ, ਜਿਹੜੀ ਚੌਥੀ ਗੱਲ ਇਤਿਹਾਸਕਾਰਾਂ ਨੇ ਲਿਖੀ ਹੈ, ਇਹ ਬੀਬੀ ਬਸੰਤ ਲਤਾ ਕੌਰ ਜੀ ਬਾਰੇ ਇੰਟਰਨੈੱਟ ਤੇ ਬਟਨ ਹੀ ਨੱਪਿਆ ਹੈ ਤੇ ਕਿੰਨੀਆਂ ਜਗ੍ਹਾ ਤੋਂ ਇਸ ਦਾ ਇਤਿਹਾਸ ਸਾਹਮਣੇ ਆ ਗਿਆ। ਦਾਸ ਨੇ ਸੋਚਿਆ ਕਿ ਇਸ ਨੂੰ ਕਿੰਨੀ ਜਗ੍ਹਾ ਇਤਿਹਾਸਕਾਰਾਂ ਨੇ ਦਿੱਤੀ ਹੈ। ਕਿੰਨੀ ਵੱਡੀ ਜਗ੍ਹਾ ਇਸ ਬੀਬੀ ਜੀ ਨੂੰ ਦਿੱਤੀ ਹੈ ਤੇ ਸਾਰੀਆਂ ਇੰਟਰਨੈੱਟ ਦੀਆਂ ਸਾਈਟਾਂ ਤੇ ਇਹ ਗੱਲ ਆਈ ਹੈ, ਤੁਹਾਡੇ ਮੰਨਣ ਵਿੱਚ ਆਵੇ ਜਾਂ ਨਾ ਆਵੇ ਪਰ ਜੋ ਲਿਖੀ ਹੈ, ਇਹ ਬੀਬੀ ਬਸੰਤ ਲਤਾ ਕੌਰ ਜੀ ਦਾ ਚੌਥਾ ਗੁਣ ਲਿਖਿਆ ਹੈ, ਬੈਟਰੀ ਚਾਰਜ ਕਰਨਾ। ਉਹ ਕੀ? ਪੰਜ ਘੰਟੇ ਸੌਂਦੀ ਸੀ ਤੇ 19 ਘੰਟੇ ਸੇਵਾ, ਸਿਮਰਨ ਤੇ ਭਗਤੀ ਕਰਦੀ ਸੀ। ਪੰਜ ਘੰਟੇ ਸੌਂਦੀ ਸੀ, ਇਹ ਬੱਚੀ। ਇਤਿਹਾਸਕਾਰਾਂ ਨੇ ਟਾਈਮ ਲਿਖਿਆ ਹੈ ਕਿ ਦਸ ਵਜੇ ਸੌਂਦੀ ਸੀ ਤੇ ਤਿੰਨ ਵਜੇ ਉੱਠ ਪੈਂਦੀ ਸੀ। ਇਨ੍ਹਾਂ ਚੀਜ਼ਾਂ ਵਿੱਚੋਂ ਕੁਝ ਮਿਲਦਾ ਹੈ। ਕੋਈ ਪਤਾ ਨਹੀਂ ਕਿਹੜਾ ਇਹ ਸਾਖੀ ਪੜ੍ਹ ਰਿਹਾ ਹੋਵੇ ਤੇ ਮਨ ਵਿੱਚ ਧਾਰ ਲਵੇ ਕਿ ਮੇਰੀ ਵਾਰੀ ਕਦੋਂ ਆਵੇਗੀ। ਬੇਨਤੀਆਂ ਕਰੇ, ਸੱਚੇ ਪਾਤਸ਼ਾਹ। ਸਾਡੀ ਵਾਰੀ ਕਦੋਂ ਆਵੇਗੀ। ਕਿਰਪਾ ਕਰਨਾ। ਦਸ ਵਜੇ ਅਰਾਮ ਵਿੱਚ ਹੋਣਾ, ਤਿੰਨ ਵਜੇ ਉੱਠ ਪੈਣਾ ਤੇ ਨਿਤਨੇਮ, ਅਭਿਆਸ, ਸੰਗਤ ਦੇ ਦਰਸ਼ਨ, ਗੁਰੂ ਸਾਹਿਬ ਦੇ ਦਰਸ਼ਨ। ਕਥਾ-ਕੀਰਤਨ, ਸਾਰਾ ਦਿਨ ਸੇਵਾ ਵਿੱਚ ਜੁਟੇ ਰਹਿਣਾ। ਇਸ ਦੇ ਨਾਲ ਫਿਰ ਕੀ ਬੀਤੀ? ਇਹ ਦਸ ਕੁ ਮਿੰਟ ਦਾ ਜ਼ਿਕਰ ਹੈ। ਦਾਸ ਦਾ ਦਿਲ ਕਰਦਾ ਹੈ ਪਰ ਧਾਰਨਾ ਸਾਹਮਣੇ ਆ ਗਈ ਹੈ। ਅੰਦਰੋਂ ਕਹਿ ਦਿਓ, ਪਿਤਾ ਜੀ ਨੂੰ:

***ਬਾਜਾਂ ਵਾਲੇ ਕਿਰਪਾ ਕਰਕੇ ਤਾਰ ਦੇ,***
***ਮੇਰੀ ਵਾਰੀ ਕਦੋਂ ਆਵੇਗੀ।***

ਇਹ ਧਾਰਨਾ ਨਾ ਸਮਝਣਾ।

ਸੱਜਣ ਠੱਗ, ਕੌਡੇ ਰਾਖਸ਼ ਵਰਗੇ ਤਾਰ ਤੇ, ਮੇਰੀ ਵਾਰੀ ਕਦੋਂ ਆਵੇਗੀ।

***ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥***
***ਬਾਵਲਿ ਹੋਈ ਸੋ ਸਹੁ ਲੋਰਉ ॥***
***ਤੈ ਸਹਿ ਮਨ ਮਹਿ ਕੀਆ ਰੋਸੁ ॥***
***ਮੁਝੁ ਅਵਗਨ ਸਹ ਨਾਹੀ ਦੋਸੁ ॥੧॥***
***ਤੈ ਸਾਹਿਬ ਕੀ ਮੈ ਸਾਰ ਨ ਜਾਨੀ ॥***
***ਜੋਬਨੁ ਖੋਇ ਪਾਛੈ ਪਛੁਤਾਨੀ ॥੧॥ ਰਹਾਉ ॥***
***ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥***
***ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥***

*(ਅੰਗ ੭੯੪)*

ਅਰਦਾਸ ਕਰਿਓ, ਤੁਹਾਡੇ ਵਿੱਚੋਂ ਕੋਈ ਬਖਸ਼ਿਆ ਬੈਠਾ ਹੋਵੇ ਤੇ ਸਾਡੀ ਵੀ ਵਾਰੀ ਆ ਜਾਵੇ। ਪੰਜ ਘੰਟੇ ਸੌਣਾ, ਚਾਰ-ਪੰਜ ਰਾਈਟਰਾਂ ਨੇ ਲਿਖਿਆ ਹੈ, 19 ਘੰਟੇ ਸੇਵਾ, ਸਿਮਰਨ, ਭਗਤੀ। ਇੱਕ ਦਿਨ ਗੁਰੂ ਕਲਗੀਧਰ ਮਹਾਰਾਜ ਜੀ ਨੇ ਇਸ ਬੱਚੀ ਨੂੰ ਕਿਹਾ, ਬੱਚੀਏ, ਆਉਣ ਵਾਲੇ ਦਿਨ ਕੁਝ ਮੁਸ਼ਕਲ ਦੇ ਆ ਰਹੇ ਹਨ। ਘਰ ਜਾਣਾ ਚਾਹੁੰਦੀ ਹੈਂ ਤੇ ਚਲੀ ਜਾ। ਅੱਗੋਂ ਹੱਥ ਜੋੜ ਕੇ ਬੇਨਤੀ ਕੀਤੀ, ਮੈਂ ਆਪ ਜੀ ਦੇ ਚਰਨਾਂ ਵਿੱਚ ਹੀ ਰਹਿਣਾ ਹੈ, ਮੈਂ ਦਰ ਨਹੀਂ ਛੱਡਣਾ। ਸਤਿਗੁਰੂ ਜੀ ਜਿਸ ਤਰ੍ਹਾਂ ਦੇ ਵੀ

ਹਾਲਾਤ ਹੋਣ, ਉਹ ਹਾਲਾਤ ਕਿਸ ਤਰ੍ਹਾਂ ਦੇ ਸੀ, ਤੁਸੀਂ ਸਮਝ ਲੈਣਾ, ਕਿਲਾ ਛੱਡਣਾ ਸੀ। ਕਿਲਾ ਛੱਡਿਆ, ਸਰਸਾ ਦਾ ਚੜ੍ਹਨਾ, ਦਸ ਲੱਖ ਦੀ ਫੌਜ ਨਾਲ ਮੁਕਾਬਲਾ। ਪਰਿਵਾਰ ਦਾ ਵਿਛੜਨਾ। ਥੋੜ੍ਹਾ-ਬਹੁਤਾ ਵਾਧਾ-ਘਾਟਾ ਹੋ ਸਕਦਾ ਹੈ, ਉਦੋਂ ਇਸ ਬੱਚੀ ਦੀ ਉਮਰ ਅੰਦਾਜ਼ਨ 22 ਸਾਲ ਦੇ ਕਰੀਬ ਸੀ। ਮਾਤਾ ਸਾਹਿਬ ਕੌਰ ਜੀ ਤੇ ਮਾਤਾ ਸੁੰਦਰ ਕੌਰ ਜੀ ਪਾਲਕੀ ਵਿੱਚ ਬੈਠੇ। ਚੰਗੇ ਤਕੜੇ ਬੰਦੇ ਮਹਾਰਾਜ ਜੀ ਨੇ ਦਿੱਤੇ, ਜਦੋਂ ਕਿਲਾ ਛੱਡਿਆ। ਮਾਤਾ ਸਾਹਿਬ ਕੌਰ ਜੀ ਨੇ ਬੱਚੀ ਨੂੰ ਆਖਿਆ, ਬਸੰਤ ਲਤਾ ਕੌਰ, ਤੂੰ ਵੀ ਪਾਲਕੀ ਵਿੱਚ ਨਾਲ ਬੈਠ ਜਾ। ਇਨ੍ਹਾਂ ਨੇ ਹੱਥ ਜੋੜ ਕੇ ਕਿਹਾ, ਮੈਂ ਆਪ ਜੀ ਦੀ ਬਰਾਬਰੀ ਨਹੀਂ ਕਰ ਸਕਦੀ, ਪਾਲਕੀ ਵਿੱਚ ਬੈਠ ਕੇ। ਲਿਖਿਆ ਹੈ, ਪਾਲਕੀ ਨੂੰ ਹੱਥ ਪਾਇਆ। ਪਾਲਕੀ ਚੁੱਕੀ ਸੀ, ਚੁੱਕਣ ਵਾਲਿਆਂ ਨੇ। ਦੂਜੇ ਹੱਥ ਵਿੱਚ ਲਿਖਿਆ ਹੈ, ਨੰਗੀ ਕਿਰਪਾਨ। ਇਹ ਬੀਬੀ ਨਿਡਰ ਵੀ ਸੀ। ਬਾਣਾ ਵੀ ਪਾਇਆ ਸੀ। ਜਦੋਂ ਦਸ ਲੱਖ ਦਾ ਘੇਰਾ ਪੈ ਗਿਆ, ਪਰਿਵਾਰ ਵਿਛੜ ਗਿਆ, ਕੋਈ ਕਿਧਰ, ਕੋਈ ਕਿਧਰ। ਇਹ ਪਾਲਕੀ ਲੈ ਕੇ ਜਾ ਰਹੇ ਹਨ ਤੇ ਕਹਿਣ ਲੱਗੇ ਕਿ ਮੈਂ ਵਿੱਚ ਨਹੀਂ ਬੈਠਣਾ, ਬਰਾਬਰੀ ਨਹੀਂ ਕਰਨੀ। ਇਹ ਨਾਲ ਹੱਥ ਪਾ ਕੇ ਤੁਰਦੀ ਪਈ ਹੈ, ਸੇਵਕ ਬਣ ਕੇ।

ਲਿਖਿਆ ਹੈ, ਰਾਤ ਹਨ੍ਹੇਰੀ ਸੀ। ਠੇਡਾ ਲੱਗਾ। ਪਾਲਕੀ ਵਾਲਿਆਂ ਨੂੰ ਨਹੀਂ ਪਤਾ, ਮਗਰ ਡਿੱਗ ਪਈ। ਉਹ ਜਾਈ ਜਾ ਰਹੇ ਹਨ। ਇਸ ਨੂੰ ਹਨ੍ਹੇਰੀ ਰਾਤ ਵਿੱਚ ਠੇਡਾ ਲੱਗਾ, ਉੱਚੀ-ਨੀਵੀ ਜਗ੍ਹਾ ਸੀ, ਇਸ ਨੂੰ ਠੇਡਾ ਲੱਗਾ ਤੇ ਇਹ ਡਿੱਗ ਪਈ ਤੇ ਡਿੱਗਣ ਨਾਲ ਬੇਹੋਸ਼ ਹੋ ਗਈ। ਜਦੋਂ ਹੋਸ਼ ਆਈ। ਅੱਖਾਂ ਖੋਲ੍ਹ ਕੇ ਕੀ ਵੇਖਦੀ ਹੈ। ਮੁਗਲਾਂ ਦਾ ਘੇਰਾ ਪਿਆ ਹੋਇਆ ਹੈ। ਪਾਲਕੀ ਅੱਗੇ ਲੰਘ ਗਈ ਹੈ। ਇਹ ਮੁਗਲਾਂ ਦੇ ਕਾਬੂ ਆ ਗਈ ਤੇ ਲਿਖਿਆ ਹੈ ਕਿ ਜਿੰਨੀ ਹਿੰਮਤ ਸੀ, ਲੜਨ ਦਾ ਯਤਨ ਕੀਤਾ। ਦਮ ਨਹੀਂ ਹਾਰਿਆ ਪਰ ਇਨ੍ਹਾਂ ਨੂੰ ਮੁਗਲਾਂ ਨੇ ਕਾਬੂ ਕਰ ਲਿਆ ਤੇ ਕਹਿੰਦੇ, ਤੈਨੂੰ ਅਸੀਂ ਆਪਣੇ ਹਾਕਮ ਕੋਲ ਖੜ੍ਹਨਾ ਹੈ ਤੇ ਹਾਕਮ ਦਾ ਨਾਂ ਲਿਖਿਆ ਹੈ, ਸਮੁੰਦ ਖਾਂ। ਉਸ ਹਾਕਮ ਕੋਲ ਲੈ ਗਏ ਤੇ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਇਹ ਜਿਹੜਾ ਸਮੁੰਦ ਖਾਂ ਹਾਕਮ ਹੈ, ਦੋ ਗੱਲਾਂ ਲਿਖੀਆਂ ਹਨ, ਨਿਰਦਈ ਤੇ ਕਾਮੀ ਸੀ। ਨਿਰਦਈ ਵੀ ਤੇ ਕਾਮੀ ਵੀ। ਇਸ ਬੀਬੀ ਬਸੰਤ ਲਤਾ ਕੌਰ ਨੂੰ ਵੇਖ ਕੇ ਕਹਿਣ ਲੱਗਾ, ਤੈਨੂੰ ਮੈਂ ਮੁੱਖ ਬੇਗਮ ਬਣਾ ਲਵਾਂਗਾ, ਨਿਕਾਹ ਕਰਵਾ ਲਵਾਂਗਾ। ਇਸ ਨੇ ਆਖਿਆ, ਮੈਂ ਆਪਣੇ ਗੁਰੂ ਕੋਲੋਂ ਬਚਨ ਲਿਆ ਹੈ ਕਿ ਸਾਰੀ ਜ਼ਿੰਦਗੀ ਇਸ ਤਰ੍ਹਾਂ ਹੀ ਕੱਟਣੀ ਹੈ। ਹੁਣ ਥੋੜ੍ਹੇ ਜਿਹੇ ਸਵਾਲ-ਜਵਾਬ ਹਨ, ਸਮੁੰਦ ਖਾਂ ਤੇ ਬੀਬੀ ਦੇ। ਪਹਿਲਾਂ ਸਾਰੇ ਪੜ੍ਹੋ ਪਿਆਰ ਨਾਲ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਉਸ ਨੇ ਪਹਿਲਾ ਸਵਾਲ ਕੀਤਾ ਕਿ ਮੈਂ ਤੈਨੂੰ ਮੁੱਖ ਬੇਗਮ ਬਣਾਵਾਂਗਾ। ਇਸ ਬੱਚੀ ਨੇ ਜਵਾਬ ਦਿੱਤਾ, ਪ੍ਰਣ ਕੀਤਾ ਹੈ, ਮੈਂ ਵਿਆਹ ਨਹੀਂ ਕਰਵਾਉਣਾ। ਮੈਨੂੰ ਇਕੱਲੀ ਨਾ ਸਮਝ। ਅੰਦਰ ਦੀ ਸਪਿਰਿਟ ਵੇਖੋ। ਮੈਨੂੰ ਇਕੱਲੀ ਨਾ ਸਮਝ। ਮੇਰਾ ਗੁਰੂ ਰਾਖੀ ਕਰੇਗਾ। ਇਹ ਪਹਿਲਾ ਸਵਾਲ-ਜਵਾਬ ਰਾਈਟਰਾਂ ਨੇ ਲਿਖਿਆ ਹੈ। ਹੁਣ ਦਾਸ ਨੂੰ ਲਫਜ਼ ਬੋਲਣੇ ਪੈ ਰਹੇ ਹਨ, ਇਸ ਨੂੰ ਹੋਰ ਬੰਨੇ ਨਾ ਸੋਚਣਾ। ਉਹ ਸਮੁੰਦ ਖਾਂ ਅੱਗੋਂ ਕੀ ਜਵਾਬ ਦਿੰਦਾ, ਕਹਿਣ ਲੱਗਾ, ਤੇਰਾ ਗੁਰੂ ਆਪ ਨਹੀਂ ਰਿਹਾ ਤੇ ਰਾਖੀ ਕੀ ਕਰੇਗਾ। ਤੇਰਾ ਗੁਰੂ ਨਹੀਂ ਰਿਹਾ ਤੇ ਤੇਰੀ ਰਾਖੀ ਕਿਵੇਂ ਕਰੇਗਾ। ਇਸ ਨੇ ਅੱਗੋਂ ਕੀ ਜਵਾਬ ਦਿੱਤਾ, ਮੇਰੇ ਗੁਰੂ ਕਲਗੀਧਰ ਪਿਤਾ ਜੀ, ਆਪ ਅਕਾਲ ਪੁਰਖ ਹਨ ਤੇ ਉਨ੍ਹਾਂ ਨੂੰ ਕੋਈ ਨਹੀਂ ਮਾਰ ਸਕਦਾ। ਇਸ

ਸਮੁੰਦ ਖਾਂ ਨੇ ਤੀਜਾ ਸਵਾਲ ਕੀਤਾ ਕਿ ਸ਼ੁਦਾਈਪੁਣਾ ਨਾ ਕਰ। ਤੈਨੂੰ ਮੁੱਖ ਬੇਗਮ ਬਣਾ ਕੇ ਰੱਖਾਂਗਾ ਤੇ ਤੈਨੂੰ ਬੜੇ ਵੱਡੇ ਸੁੱਖ ਮਿਲਣਗੇ। ਇਸ ਨੇ ਅੱਗੋਂ ਜਵਾਬ ਦਿੱਤਾ, ਮੈਂ ਕਲਗੀਧਰ ਪਿਤਾ ਜੀ ਦੀ ਪੁੱਤਰੀ ਹਾਂ, ਮਰ ਜਾਵਾਂਗੀ ਪਰ ਧਰਮ ਨਹੀਂ ਛੱਡਾਂਗੀ। ਮੇਰੀ ਪਵਿੱਤਰਤਾ ਦੀ ਰਾਖੀ ਗੁਰੂ ਸਾਹਿਬ ਆਪ ਕਰਨਗੇ।

ਅੱਜ ਬੀਬੀਆਂ ਦੇ ਇਤਿਹਾਸ ਵਿੱਚੋਂ ਇਹ ਵੀ ਪਤਾ ਲੱਗ ਜਾਵੇਗਾ ਕਿ ਪਿਤਾ ਜੀ ਕੌਣ ਹਨ? ਧਿਆਨ ਦੇਣਾ। ਇਹ ਜਿਹੜੇ ਰਾਜੇ-ਮਹਾਰਾਜੇ ਹਨ, ਇਨ੍ਹਾਂ ਦੀਆਂ ਕਈ ਬੀਵੀਆਂ ਹੁੰਦੀਆਂ ਹਨ। ਹੁਣ ਸਮੁੰਦ ਖਾਂ ਨੇ ਵੇਖਿਆ, ਲਾਲਚ ਨਾਲ ਨਹੀਂ ਮੰਨੀ। ਸੁੱਖਾਂ ਦੇ ਲਾਲਚ ਨਾਲ ਨਹੀਂ ਮੰਨੀ। ਹੁਣ ਇਸਨੂੰ ਅੱਠ ਦਿਨ ਭੁੱਖੇ ਰੱਖਿਆ, ਇਸਨੂੰ ਕਸ਼ਟ ਦੇ ਕੇ, ਭੁੱਖ ਰੱਖ ਕੇ ਕਿ ਸ਼ਾਇਦ ਇੰਝ ਮੰਨ ਜਾਵੇ। ਲਿਖਿਆ ਹੈ, ਸਮੁੰਦ ਖਾਂ ਨੇ ਹੁਕਮ ਕੀਤਾ ਕਿ ਇਸ ਲੜਕੀ ਬਸੰਤ ਲਤਾ ਕੌਰ ਜੀ ਨੂੰ ਬੰਦੀਖਾਨੇ ਵਿੱਚ ਪਾ ਦਿਓ ਤੇ ਅੱਠ ਦਿਨ ਰੋਟੀ ਨਹੀਂ ਦੇਣੀ। ਸੰਗਤ ਜੀ, ਦਾਸ ਨੂੰ ਬੋਲਣਾ ਪੈ ਰਿਹਾ ਹੈ, ਰਾਈਟਰਾਂ ਨੇ ਲਿਖਿਆ ਹੈ, ਬੰਦੀਖਾਨੇ ਦੀ ਹਾਲਤ ਇਹੋ ਜਿਹੀ ਹੈ, ਨਰਕ ਤੋਂ ਭੈੜੀ। ਕੁਝ ਲਫਜ਼ ਲਿਖੇ ਹਨ, ਹਨ੍ਹੇਰਾ, ਸਲ੍ਹਾਬ, ਚੂਹੇ ਤੇ ਕੀੜੇ। ਮਨ ਕੰਬਦਾ ਹੈ। ਬੰਦੀਖਾਨਾ ਇਹੋ ਜਿਹਾ ਹੈ, ਹਨ੍ਹੇਰਾ ਵੀ ਹੈ, ਸਲ੍ਹਾਬ ਵੀ ਹੈ, ਚੂਹੇ ਵੀ ਹਨ ਤੇ ਕੀੜੇ ਵੀ ਹਨ। ਅੰਦਰ ਕੀ ਹਾਲਤ ਹੋਵੇਗੀ। ਰੋਟੀ ਵੀ ਨਹੀਂ ਮਿਲ ਰਹੀ। ਇਸ ਤਰ੍ਹਾਂ ਇਸ ਨੂੰ ਕਸ਼ਟ ਦਿਓ। ਜਿਵੇਂ ਵੀ ਆਪੇ ਮੰਨੇਗੀ।

ਹੁਣ ਧਿਆਨ ਦੇਣਾ, ਇਤਿਹਾਸ ਹੈ। ਬੀਬੀ ਬਸੰਤ ਲਤਾ ਕੌਰ ਜੀ ਉਸ ਬੰਦੀਖਾਨੇ ਵਿੱਚ ਚੌਂਕੜਾ ਮਾਰ ਕੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਧਿਆਨ ਧਰ ਕੇ ਬੈਠ ਗਈ, ਲਿਖਿਆ ਹੈ, ਅੱਠ ਦਿਨ ਸ੍ਰੀ ਸੁਖਮਨੀ ਸਾਹਿਬ ਜੀ ਤੇ ਗੁਰਮੰਤਰ ਦੇ ਸਿਮਰਨ ਦੇ ਸਦਕੇ, ਅੱਠੇ ਦਿਨ ਇਨ੍ਹਾਂ ਦੋਵੇਂ ਚੀਜ਼ਾਂ ਦਾ ਸਹਾਰਾ ਲੈ ਬਿਤਾ ਦਿੱਤੇ। ਉਸ ਬੰਦੀਖਾਨੇ ਵਿੱਚ ਅੱਠਵੇਂ ਦਿਨ ਅਰਦਾਸ ਕੀਤੀ ਹੈ, ਹੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਮੈਨੂੰ ਦਾਸੀ ਨੂੰ ਤੇਰਾ ਹੀ ਆਸਰਾ ਹੈ। ਲਫਜ਼ ਇੰਨੇ ਕਹੇ ਹਨ। ਮੈਨੂੰ ਦਾਸੀ ਨੂੰ ਤੇਰਾ ਹੀ ਆਸਰਾ ਹੈ। ਦਾਸੀ ਦੀ ਪਵਿੱਤਰਤਾ ਬਣਾਈ ਰੱਖਣਾ। ਅੱਠ ਦਿਨ ਬਾਅਦ ਉਹ ਸਮੁੰਦ ਖਾਂ ਆਇਆ। ਵੇਖਿਆ ਹੈ, ਇਹ ਤਾਂ ਡੋਲੀ ਨਹੀਂ। ਕਿਸ ਨੇ ਡੋਲਣ ਤੋਂ ਬਚਾਇਆ :

***ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥***
***ਆਪਿ ਅਡੋਲੁ ਨ ਕਬਹੂ ਡੋਲੈ ॥***

*(ਅੰਗ ੨੯੪)*

ਸ੍ਰੀ ਸੁਖਮਨੀ ਸਾਹਿਬ, ਸਿਮਰਨ ਤੇ ਗੁਰੂ ਦੇ ਪਿਆਰ ਨੇ। ਹੁਣ ਥੋੜ੍ਹੇ ਜਿਹੇ ਫਿਰ ਸਵਾਲ-ਜਵਾਬ ਹਨ। ਸਮੁੰਦ ਖਾਂ ਇਸ ਬਸੰਤ ਲਤਾ ਕੌਰ ਨੂੰ ਕਹਿੰਦਾ ਹੈ, ਮੇਰੇ ਵਿੱਚ ਕੀ ਕਮੀ ਹੈ। ਤੂੰ ਮੇਰੇ ਨਾਲ ਨਿਕਾਹ ਨਹੀਂ ਕਰ ਰਹੀ, ਮੇਰੇ ਵਿੱਚ ਕੀ ਕਮੀ ਹੈ। ਆਹ ਹੈ ਬੀਬੀ ਦਾ ਸਿਦਕ। ਕਹਿਣ ਲੱਗੀ, ਤੇਰੇ ਵਿੱਚ ਕਮੀ ਕੋਈ ਨਹੀਂ ਪਰ ਜੋ ਤੂੰ ਚਾਹੁੰਦਾ ਹੈਂ, ਉਸ ਦਾ ਰੁੱਖ ਚੇਂਜ ਕਰ ਲੈ, ਮੈਨੂੰ ਭੈਣ ਬਣਾ ਲੈ। ਮੈਨੂੰ ਤੇਰੇ ਨਾਲ ਦੁਸ਼ਮਣੀ ਨਹੀਂ, ਤੇਰੇ ਵਿਚਾਰਾਂ ਨਾਲ ਦੁਸ਼ਮਣੀ ਹੈ। ਤੇਰੇ ਵਿੱਚ ਕੋਈ ਕਮੀ ਨਹੀਂ, ਤੂੰ ਇਹ ਵਿਚਾਰ ਛੱਡ ਕੇ ਮੈਨੂੰ ਭੈਣ ਬਣਾ ਲੈ। ਮੈਨੂੰ ਭੈਣ ਸਮਝ। ਸਮੁੰਦ ਖਾਂ ਛਾਤੀ ਤੇ ਹੱਥ ਮਾਰ ਕੇ ਕਹਿੰਦਾ ਹੈ, ਮੈਂ ਮੁਗਲ ਦਾ ਪੁੱਤਰ ਹਾਂ। ਮੇਰੀ ਸ਼ਕਤੀ ਤੂੰ ਵੇਖੀ ਨਹੀਂ। ਤੈਨੂੰ ਆਪਣੇ ਗਲੇ ਦਾ ਹਾਰ ਬਣਾ ਕੇ ਛੱਡਾਂਗਾ। ਭਾਵੇਂ ਜ਼ਬਰਦਸਤੀ ਕਰਨੀ ਪਵੇ। ਜਦੋਂ ਇੰਨੇ ਲਫਜ਼ ਕਹੇ, ਰਾਈਟਰਾਂ ਨੇ ਲਿਖਿਆ ਹੈ, ਇਸ ਬੱਚੀ ਦੇ ਹਿਰਦੇ ਵਿੱਚੋਂ ਇਹ ਅਵਾਜ਼ ਨਿਕਲੀ, ਬੜੀ ਪਿਆਰੀ ਅਵਾਜ਼ ਹੈ:

***ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ***
***ਤੂ ਕਰਤੇ ਰਾਖੁ ਮੈ ਨਿਮਾਣੀ ਹੇ ॥੧੩॥***

*(ਅੰਗ ੧੦੭੧)*

ਵੇਖੋ ਕੈਸਾ ਮੌਕੇ ਦਾ ਸ਼ਬਦ ਹੈ। ਮੈਨੂੰ ਨਿਮਾਣੀ ਨੂੰ ਰੱਖ ਲੈ। ਭਾਈ ਵੀਰ ਸਿੰਘ ਜੀ ਤੇ ਹੋਰ ਰਾਈਟਰਾਂ ਨੇ ਪੰਕਤੀਆਂ ਲਿਖੀਆਂ ਹਨ:

***ਕਿਸ ਹੀ ਜੋਰੁ ਅਹੰਕਾਰ ਬੋਲਣ ਕਾ ॥***

ਕਿਸੇ ਨੂੰ ਬੋਲਣ ਦਾ ਹੰਕਾਰ ਹੈ।

***ਕਿਸ ਹੀ ਜੋਰੁ ਦੀਬਾਨ ਮਾਇਆ ਕਾ ॥***

ਕਿਸੇ ਨੂੰ ਮਾਇਆ ਦਾ ਹੰਕਾਰ ਹੈ।

***ਮੈ ਹਰਿ ਬਿਨੁ ਟੇਕ ਧਰ ਅਵਰ ਨ ਕਾਈ***
***ਤੂ ਕਰਤੇ ਰਾਖੁ ਮੈ ਨਿਮਾਣੀ ਹੇ ॥੧੩॥***

*(ਅੰਗ ੧੦੭੧)*

ਧਿਆਨ ਦੇਣਾ। ਬੇਨਤੀਆਂ ਪਹੁੰਚਦੀਆਂ ਹਨ, ਜਦੋਂ ਹਿਰਦੇ ਵਿੱਚੋਂ ਨਿਕਲਣ। ਜਦੋਂ ਇਸ ਬੀਬੀ ਨੇ ਬੇਨਤੀਆਂ ਕੀਤੀਆਂ ਤੇ ਇਸ ਬੀਬੀ ਨੂੰ ਪੌੜੀਆਂ ਵਾਲੇ ਬੰਨਿਓਂ ਰੌਸ਼ਨੀ ਨਜ਼ਰ ਆਈ। ਜਿਧਰ ਬੰਦੀਖਾਨੇ ਦੀਆਂ ਪੌੜੀਆਂ ਸੀ ਤੇ ਉਧਰੋਂ ਰੌਸ਼ਨੀ ਨਜ਼ਰ ਆਈ ਤੇ ਉੱਚੀ ਸਾਰੀ ਬੋਲੀ, ਮੇਰੇ ਸਤਿਗੁਰੂ ਜੀ ਆ ਗਏ। ਮੇਰੇ ਗੁਰੂ ਕਲਗੀਧਰ ਪਿਤਾ ਜੀ ਆ ਗਏ ਹਨ। ਅੱਗੋਂ ਸਮੁੰਦ ਖਾਂ ਕਹਿੰਦਾ ਹੈ, ਲੱਗਦਾ ਹੈ, ਪਾਗਲ ਹੋ ਗਈ ਹੈ। ਕਿੱਥੇ ਆਇਆ ਹੈ? ਕਹਿਣ ਲੱਗੀ, ਓਹ ਵੇਖ ਪੌੜੀਆਂ ਵੱਲ। ਮੇਰੇ ਸਤਿਗੁਰੂ ਜੀ ਆ ਗਏ ਹਨ। ਉਹ ਪੌੜੀਆਂ ਵੱਲ ਵੇਖਦਾ ਹੈ ਤੇ ਉਸ ਨੂੰ ਨਜ਼ਰ ਨਹੀਂ ਆ ਰਹੇ। ਇਸ ਬੀਬੀ ਨੂੰ ਰੌਸ਼ਨੀ ਨਜ਼ਰ ਆਈ। ਕਹਿਣ ਲੱਗਾ, ਮੈਨੂੰ ਤਾਂ ਨਜ਼ਰ ਨਹੀਂ ਆ ਰਹੇ। ਕਿੱਥੇ ਆਏ ਹਨ? ਕਹਿਣ ਲੱਗੀ, ਤੈਨੂੰ ਦਰਸ਼ਨ ਨਹੀਂ ਹੋ ਰਹੇ, ਮੈਨੂੰ ਦਰਸ਼ਨ ਹੋ ਰਹੇ ਹਨ, ਮੇਰੇ ਸਤਿਗੁਰੂ ਜੀ ਆ ਗਏ ਹਨ ਤੇ ਦੂਜੇ ਲਫਜ਼ ਬੋਲੇ, ਸਤਿਗੁਰੂ ਜੀ, ਤੁਹਾਡਾ ਸ਼ੁਕਰਾਨਾ। ਤੁਸੀਂ ਮੇਰੀ ਰਾਖੀ ਲਈ ਪਹੁੰਚ ਗਏ ਹੋ।

ਸਮੁੰਦ ਖਾਂ ਕਹਿੰਦਾ ਹੈ, ਇਹ ਸ਼ੁਦੈਣ ਹੋ ਗਈ ਹੈ। ਤੇਰਾ ਗੁਰੂ ਪਤਾ ਹੀ ਨਹੀਂ ਕਿੱਥੇ ਹੈ, ਇਹ ਸ਼ੁਦੈਣ ਹੋ ਗਈ ਹੈ। ਲਿਖਿਆ ਹੈ, ਉਹ ਕਹਿਣ ਲੱਗਾ ਕਿ ਇਹ ਲੈ, ਮੈਂ ਹੱਥ ਪਾਉਣ ਲੱਗਾ ਹਾਂ ਤੇ ਵੇਖਦਾ ਹਾਂ, ਤੇਰਾ ਗੁਰੂ ਕਿੱਥੇ ਹੈ? ਸੰਗਤ ਜੀ ਧਿਆਨ ਦੇਣਾ। ਕਹਿੰਦੇ, ਜਦੋਂ ਜ਼ਬਰਦਸਤੀ ਕਰਨ ਲੱਗਾ ਤੇ ਲਿਖਿਆ ਹੈ ਕਿ ਉਸ ਅਕਾਲ ਪੁਰਖ ਦੇ ਰੂਪ ਵਿੱਚ ਗੁਰੂ ਸਾਹਿਬ ਪਹੁੰਚ ਗਏ। ਚਾਰ ਚੀਜ਼ਾਂ ਲਿਖੀਆਂ ਹਨ, ਜਦੋਂ ਜ਼ਬਰਦਸਤੀ ਕਰਨ ਲੱਗਾ। ਪਹਿਲਾਂ ਲਿਖਿਆ ਹੈ ਕਿ ਉਸ ਦੀਆਂ ਬਾਹਵਾਂ ਜਕੜੀਆਂ ਗਈਆਂ। ਦੂਜਾ ਲਿਖਿਆ ਹੈ, ਅੱਖਾਂ ਅੰਨ੍ਹੀਆਂ ਹੋ ਗਈਆਂ। ਸਮੁੰਦ ਖਾਂ ਨੂੰ ਅੱਖਾਂ ਤੋਂ ਨਜ਼ਰ ਆਉਣਾ ਬੰਦ ਹੋ ਗਿਆ। ਤੀਜਾ ਲਿਖਿਆ ਹੈ, ਪੈਰ ਜਿੱਥੇ ਸੀ, ਉੱਥੇ ਹੀ ਜਕੜੇ ਗਏ। ਚੌਥਾ ਲਿਖਿਆ ਹੈ ਕਿ ਸਮੁੰਦ ਖਾਂ ਦਾ ਲਹੂ ਜੰਮਣਾ ਸ਼ੁਰੂ ਹੋ ਗਿਆ। ਜਿਹੜਾ ਖੂਨ ਚਲਦਾ ਹੈ, ਇਹ ਜੰਮਣਾ ਸ਼ੁਰੂ ਹੋ ਗਿਆ। ਬਾਹਵਾਂ ਜਕੜੀਆਂ ਗਈਆਂ, ਅੱਖਾਂ ਤੋਂ ਨਜ਼ਰ ਆਉਣਾ ਬੰਦ ਹੋ ਗਿਆ, ਲੱਤਾਂ ਵੀ ਜਕੜੀਆਂ ਗਈਆਂ ਤੇ ਖੂਨ ਇੰਝ ਲੱਗੇ ਜਿਵੇਂ ਜੰਮਣਾ ਸ਼ੁਰੂ ਹੋ ਗਿਆ।

ਅੱਗੇ ਰਾਈਟਰਾਂ ਨੇ ਲਿਖਿਆ ਹੈ, ਨਜ਼ਰ ਨਹੀਂ ਆ ਰਿਹਾ, ਅੱਖਾਂ ਤੋਂ ਅੰਨਾ ਹੋ ਗਿਆ, ਹੱਥ ਜਕੜੇ ਪਏ ਹਨ, ਪੈਰ ਉੱਥੇ ਹੀ ਜੰਮ ਗਏ ਤੇ ਖੂਨ ਜੰਮਣਾ ਸ਼ੁਰੂ ਹੋ ਗਿਆ। ਦੋ ਚੀਜ਼ਾਂ ਕੰਮ ਕਰ ਰਹੀਆਂ ਹਨ, ਮੂੰਹ ਤੇ ਕੰਨ। ਸੁਣ ਸਕਦਾ ਹੈ ਤੇ ਬੋਲ ਸਕਦਾ ਹੈ। ਇਨ੍ਹਾਂ ਦੋ ਚੀਜ਼ਾਂ ਰਾਹੀਂ ਉਸ ਨੇ ਕੀ ਕਿਹਾ, ਪਹਿਲਾਂ ਇੱਕ ਵਾਰੀ ਪਿਆਰ ਨਾਲ ਪੜ੍ਹੋ:

***ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥***

*(ਅੰਗ ੧੩੯੯)*

***ਜਿਸ ਦਾ ਸਾਹਿਬੁ ਡਾਢਾ ਹੋਇ॥***
***ਤਿਸ ਨੋ ਮਾਰਿ ਨ ਸਾਕੈ ਕੋਇ॥***

*(ਅੰਗ ੮੪੨)*

ਕਹਿੰਦੇ ਕਿ ਮੂੰਹ ਤੇ ਕੰਨ ਚੱਲ ਰਹੇ ਸਨ। ਮੁੱਖ ਵਿੱਚੋਂ ਨਿਕਲਿਆ, ਮੁਆਫੀ, ਮੁਆਫੀ। ਸਮੁੰਦ ਖਾਂ ਦੇ ਮੂੰਹ ਵਿੱਚੋਂ ਨਿਕਲਿਆ, ਮੈਨੂੰ ਮੁਆਫ ਕਰ ਦਿੱਤਾ ਜਾਵੇ। ਮੈਨੂੰ ਨਹੀਂ ਪਤਾ ਸੀ ਕਿ ਜਿਸ ਦੀ ਤੂੰ ਧੀ ਏਂ, ਜਿਸ ਨੂੰ ਤੂੰ ਆਪਣਾ ਇਸ਼ਟ ਬਣਾਇਆ ਹੈ, ਉਹ ਇੰਨੀ ਨੇੜੇ ਹੈ। ਕਹਿੰਦੇ, ਰੌਸ਼ਨੀ ਵਿੱਚੋਂ ਅਵਾਜ਼ ਆਈ, ਮਾਫੀ ਤਾਂ ਮਿਲ ਸਕਦੀ ਹੈ, ਜੇ ਇਸ ਨੂੰ ਭੈਣ ਬਣਾ ਲਵੇ। ਉਸੇ ਵੇਲੇ ਮੁੱਖ ਵਿੱਚੋਂ ਨਿਕਲਿਆ, ਕੰਨ ਤੇ ਮੂੰਹ ਕੰਮ ਕਰ ਰਹੇ ਹਨ। ਮੂੰਹ ਵਿੱਚੋਂ ਬੋਲਿਆ, ਖੁਦਾ ਦੀ ਕਸਮ, ਅੱਜ ਤੋਂ ਬਾਅਦ ਮੈਂ ਇਸ ਨੂੰ ਭੈਣ ਮੰਨਦਾ ਹਾਂ। ਇਧਰੋਂ ਰੌਸ਼ਨੀ ਵਿੱਚੋਂ ਅਵਾਜ਼ ਆਈ, ਹੁਣ ਮਾਫੀ ਤਾਂ ਮਿਲ ਸਕਦੀ ਹੈ, ਜੇ ਇਹ ਬੀਬੀ ਮਾਫੀ ਦੇਵੇ। ਉਸ ਬੀਬੀ ਬਸੰਤ ਲਤਾ ਕੌਰ ਜੀ ਨੇ ਮਾਫੀ ਦਿੱਤੀ। ਸਰੀਰ ਹਰਕਤ ਵਿੱਚ ਆਇਆ। ਹੱਥ ਜੋੜ ਕੇ ਕਹਿਣ ਲੱਗਾ, ਪੂਰੇ ਮਹਿਲਾਂ ਵਿੱਚ ਸਤਿਕਾਰ ਨਾਲ ਆਪ ਜੀ ਨੂੰ ਭੈਣ ਬਣਾ ਕੇ ਖੜ੍ਹਾਂ। ਖੜ੍ਹਿਆ। ਸਾਰੀਆਂ ਬੇਗਮਾਂ ਨੂੰ ਹਦਾਇਤ ਕਰ ਦਿੱਤੀ, ਇਸ ਬੱਚੀ ਦਾ ਪੂਰਾ ਸਤਿਕਾਰ ਕਰਨਾ ਹੈ। ਇਹ ਮੇਰੀ ਭੈਣ ਹੈ। ਧਿਆਨ ਦੇਣਾ। ਸੰਗਤ ਜੀ, ਉਹ ਬੱਚੀ ਕਹਿਣ ਲੱਗੀ, ਗੁਰੂ ਕਲਗੀਧਰ ਪਿਤਾ ਜੀ ਦਾ ਪਤਾ ਕਰਕੇ ਮੈਨੂੰ ਉੱਥੇ ਪਹੁੰਚਾਓ। ਇਹ ਸਮੁੰਦ ਖਾਂ ਕਹਿਣ ਲੱਗਾ, ਬੱਚੀਏ ਭੈਣ, ਅਜੇ ਮਾਹੌਲ ਗਰਮ ਹੈ। ਉਦੋਂ ਮਾਹੌਲ ਗਰਮ ਸੀ। ਦਸ-ਪੰਦਰਾਂ ਦਿਨ ਰੁਕ ਜਾ। ਫਿਰ ਪੂਰਾ ਪਤਾ ਕਰਕੇ ਆਪ ਜੀ ਨੂੰ ਉੱਥੇ ਪਹੁੰਚਾਇਆ ਜਾਵੇਗਾ। ਫਿਰ ਜ਼ਿਕਰ ਲਿਖਿਆ ਹੈ, ਛੇ ਸਵਾਰ ਭੇਜੇ। ਬੱਚੀ ਨੂੰ ਭੈਣ ਬਣਾ ਕੇ ਪਾਲਕੀ ਵਿੱਚ ਬਿਠਾ ਕੇ ਛੇ ਸਵਾਰ ਨਾਲ ਦਿੱਤੇ।

***ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ॥***

*(ਅੰਗ ੧੩੯੯)*

ਦੀਨੇ ਕੇ ਮੁਕਾਮ। ਪਤਾ ਕੀਤਾ, ਮਹਾਰਾਜ ਜੀ ਦੀਨੇ ਕੇ ਮੁਕਾਮ ਹਨ। ਛੇ ਸਵਾਰ ਨਾਲ ਭੇਜ ਕੇ, ਕਈ ਰਾਈਟਰਾਂ ਨੇ ਲਿਖਿਆ ਹੈ, ਬਸਤਰ, ਧਨ ਵੀ ਰੱਖਿਆ ਜਿਵੇਂ ਆਪਣੀ ਭੈਣ ਨੂੰ ਤੋਰ ਰਿਹਾ ਹੈ। ਉੱਥੇ ਜਦੋਂ ਪਹੁੰਚਾਇਆ, ਇਸ ਬੱਚੀ ਨੇ ਬੇਨਤੀ ਕੀਤੀ, ਹੇ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਮੇਰੀਆਂ ਭੁੱਲਾਂ ਬਖਸ਼ ਲੈਣਾ। ਮਹਾਰਾਜ ਜੀ ਨੇ ਬਹੁਤ ਪਿਆਰ ਕੀਤਾ। ਭਾਈ ਵੀਰ ਸਿੰਘ ਜੀ ਦੀ ਕਲਮ ਵਿੱਚ ਬਹੁਤ ਤਾਕਤ ਹੈ, ਜੋ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਮੁੱਖ ਵਿੱਚੋਂ ਕਿਹਾ, ਉਹ ਦਰਜ ਕੀਤਾ ਹੈ। ਅੱਜ ਤੋਂ ਬਾਅਦ ਬਸੰਤ ਲਤਾ ਕੌਰ ਕੌਣ ਹੈ?

***ਸਦਾ ਬਸੰਤ ਰਹੁ ਹੁਣ ਤੈਨੂੰ ਹੈ ਤੂੰ ਧਰਮ ਪਿਆਰੀ।***

ਤੇਰੇ ਅੰਦਰ ਸਦਾ ਬਸੰਤ ਆ ਜਾਵੇਗਾ। ਇੱਕ ਬਸੰਤ ਰੁੱਤ ਸਾਲ ਬਾਅਦ ਆਉਂਦੀ ਹੈ ਪਰ ਤੇਰੇ ਅੰਦਰ ਸਦਾ ਹੀ ਬਸੰਤ ਰਹੇਗੀ।

***ਸਦਾ ਬਸੰਤ ਰਹੁ ਹੁਣ ਤੈਨੂੰ ਹੈ ਤੂੰ ਧਰਮ ਪਿਆਰੀ।***
***ਸਦਾ ਪ੍ਰਭ ਸੰਗ ਰਹਸੇ ਕਦੀ ਨਾ ਵਿਛੜਨਹਾਰੀ।***

ਤੂੰ ਸਦਾ ਸੰਗ ਰਹੇਂਗੀ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਖਾਲਸੇ ਬੈਠੇ ਸੀ, ਸਿੱਖ ਬੈਠੇ ਸੀ ਤੇ ਮਹਾਰਾਜ ਜੀ ਮੌਜ ਵਿੱਚ ਆ ਗਏ ਤੇ ਆਪਣੇ ਸਿੱਖਾਂ ਨੂੰ ਕੀ ਕਹਿੰਦੇ ਹਨ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ:

***ਸੁਣੋ ਖਾਲਸਾ, ਉਚ ਕਮਾਈ***

ਇਸ ਬੱਚੀ ਦੀ ਉੱਚ ਕਮਾਈ ਹੈ।

***ਸੁਣੋ ਖਾਲਸਾ, ਉਚ ਕਮਾਈ ਕੈਸੀ ਇਸ ਨੇ ਕੀਤੀ।***
***ਝੋਲੀ ਜੋ ਸਿਰ ਧਰਮ ਪਾਲਿਆ, ਸਿਦਕ ਨਾ ਹਾਰੀ ਕੀਤੀ।***

ਉਸ ਵੇਲੇ ਮਹਾਰਾਜ ਜੀ ਨੇ ਸੰਗਤ ਰੂਪ ਵਿੱਚ ਸੰਬੋਧਨ ਕੀਤਾ, ਗੱਲ ਕੰਮ ਵਾਲੀ ਹੈ। ਕਹਿੰਦੇ, ਤਿੰਨ ਚੀਜ਼ਾਂ ਜਿਹੜੀਆਂ ਹਨ, ਡਰ, ਮੁਸੀਬਤ ਤੇ ਲਾਲਚ। ਦਾਸ ਨੂੰ ਗੁਰੂ ਕਲਗੀਧਰ ਪਿਤਾ ਜੀ ਦੇ ਬਚਨ ਬੜੇ ਵਧੀਆ ਲੱਗੇ, ਮਹਾਰਾਜ ਜੀ ਕਹਿੰਦੇ, ਡਰ, ਮੁਸੀਬਤ ਤੇ ਲਾਲਚ, ਕਈ ਵਾਰ ਇਹ ਤਿੰਨੇ ਚੀਜ਼ਾਂ ਗੁਰੂ ਤੋਂ ਤੋੜ ਦਿੰਦੀਆਂ ਹਨ। ਬੀਬੀ ਬਸੰਤ ਲਤਾ ਕੌਰ ਜੀ ਧੰਨ ਹੈ। ਇਸ ਨੇ ਤਿੰਨੇ ਔਕੜਾਂ ਆਈਆਂ ਹਨ। ਡਰ ਵੀ ਆਇਆ ਹੈ, ਮੁਸੀਬਤ ਵੀ ਆਈ ਹੈ ਤੇ ਲਾਲਚ ਵੀ ਦਿੱਤੇ ਗਏ ਹਨ ਪਰ ਇਹ ਗੁਰੂ ਨਾਲੋਂ ਨਹੀਂ ਟੁੱਟੀ। ਦੂਜੇ ਬਚਨ, ਇਸ ਬੱਚੀ ਦੇ ਸਿਦਕ ਤੇ ਪ੍ਰੇਮ ਦੇ ਸਦਕਾ ਇਸ ਨੇ ਮੁਗਲਾਂ ਨੂੰ ਵੀ ਚਬਾ ਲਿਆ ਹੈ। ਇਸ ਸਿਦਕ ਦੇ ਸਦਕਾ ਉਹ ਵੀ ਝੁਕ ਗਏ ਹਨ। ਇਸ ਬੀਬੀ ਦੇ ਜੀਵਨ ਵਿੱਚੋਂ ਸਿੱਖਿਆ ਲੈਣੀ। ਪੜ੍ਹੋ ਪੰਕਤੀਆਂ ਤੇ ਫਿਰ ਸਮਾਪਤੀ ਹੈ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

*—ਅਗਲੇ ਅੰਕ ਵਿੱਚ ਉਨੀਵਾਂ ਭਾਗ ਪੜ੍ਹੋ ਜੀ।*

---

*ਪੰਨਾ 13 ਦਾ ਬਾਕੀ ਹਿੱਸਾ—*

ਉਸ ਨੂੰ ਚੁੱਕਣ ਲਈ ਹੱਥ ਪਾਇਆ, ਤਾਂ ਥੁੱਕ ਨਾਲ ਹੱਥ ਭਰ ਗਿਆ ਤਾਂ ਕਹਿਣ ਲੱਗੇ ਰਾਜ-ਭਾਗ ਤੇ ਸਾਰੇ ਦੁਨਿਆਵੀ ਸੁੱਖ ਛੱਡੇ ਪਰ ਮਾਇਆ ਦੀ ਵਾਸ਼ਨਾ ਨੇ ਮੇਰਾ ਪਿੱਛਾ ਨਹੀਂ ਛੱਡਿਆ।

***ਦੋਹਰਾ***

***ਰਤਨ ਜੜਤ ਮੰਦਰ ਤਜੇ ਅਰ ਸਖੀਅਨ ਕੇ ਸਾਥ ॥***
***ਰੇ ਮਨ ਧੋਖੇ ਲਾਲ ਕੇ ਭਰੇ ਪੀਕ ਸੇ ਹਾਥ ॥***

ਬਾਬਾ ਫਰੀਦ ਜੀ ਆਪਣੀ ਬਾਣੀ ਵਿੱਚ ਕਹਿੰਦੇ ਹਨ ਕਿ ਇਸ ਅੰਦਰ ਦੇ ਸਰੋਵਰ ਵਿੱਚ ਕੇਵਲ ਇੱਕ ਪੰਛੀ ਹੈ। ਇਸ ਮਨ ਨੂੰ ਫਸਾਉਣ ਵਾਲੀਆਂ ਵਾਸ਼ਨਾਵਾਂ ਪੰਜਾਹ ਹਨ। ਜਿਵੇਂ ਪੁੱਤਰ ਵੀ ਇੱਕ ਵਾਸ਼ਨਾ ਹੈ, ਇਸਤਰੀ ਵੀ ਇੱਕ ਵਾਸ਼ਨਾ ਹੈ, ਘਰ ਦੇ ਪਦਾਰਥ ਵੀ ਵਾਸ਼ਨਾ ਹਨ, ਧਨ ਵੀ ਵਾਸ਼ਨਾ ਹੈ, ਕਾਮ ਨੂੰ ਭੋਗਣਾ ਵੀ ਵਾਸ਼ਨਾ ਹੈ। ਧੰਨ ਗੁਰੂ ਗ੍ਰੰਥ ਸਾਹਿਬ ਜੀ ਕਹਿੰਦੇ ਹਨ ਮਨ ਇੱਕ ਹੈ ਤੇ ਇਸ ਨੂੰ ਪੰਜਾਹ ਵਾਸ਼ਨਾਵਾਂ ਨੇ ਜਕੜਿਆ ਹੈ ਤੇ ਸੱਚੇ ਪਾਤਸ਼ਾਹ! ਹੁਣ ਕੇਵਲ ਤੇਰੀ ਆਸ ਹੈ। ਤੁਸੀਂ ਆਪ ਕਿਰਪਾ ਕਰੋ ਤਾਂ ਹੀ ਸਾਡਾ ਇਨ੍ਹਾਂ ਵਾਸ਼ਨਾਵਾਂ ਤੋਂ ਬਚਾਅ ਹੋ ਸਕਦਾ ਹੈ।

***ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥***
***ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥੧੨੫॥***

*(ਅੰਗ ੧੩੮੪)*

ਇਸੇ ਕਰਕੇ ਸੰਸਾਰ ਵਿੱਚ ਐਸੇ ਵੀ ਮਹਾਂਪੁਰਖ ਹਨ ਜੋ ਮਾਇਆ ਦੇ ਖਿਲਾਰਿਆਂ ਵਿੱਚ ਰਹਿੰਦੇ ਹੋਏ ਵੀ ਇਸ ਤਰ੍ਹਾਂ ਨਿਰਲੇਪ ਹਨ ਜਿਵੇਂ ਪਾਣੀ ਵਿੱਚ ਕਮਲ ਫੁੱਲ ਪਾਣੀ ਨਾਲੋਂ ਨਿਰਾਲਾ ਰਹਿੰਦਾ ਹੈ ਤੇ ਜਿਵੇਂ ਮੁਰਗਾਈ ਨਦੀ ਵਿੱਚ ਤਰਦੀ ਹੈ ਪਰ ਉਸਦੇ ਖੰਭ ਪਾਣੀ ਨਾਲ ਨਹੀਂ ਭਿੱਜਦੇ, ਇਸੇ ਤਰ੍ਹਾਂ ਗੁਰੂ ਦੇ ਸ਼ਬਦ ਵਿੱਚ ਸੁਰਤ ਜੋੜ ਕੇ ਨਾਮ ਜਪਿਆ ਸੰਸਾਰ ਸਮੁੰਦਰ ਤਰ ਜਾਈਦਾ ਹੈ।

***ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥***
***ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥***

*(ਅੰਗ ੯੩੮)*

ਇਸ ਲਈ ਧੰਨ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ ਜਿਸ ਨੇ ਮਾਇਆ ਦੀ ਸਾਰੀ ਵਾਸ਼ਨਾ ਛੱਡ ਕੇ ਤਿਆਗੀ ਦਾ ਭੇਖ ਧਾਰਿਆ ਹੈ ਉਸਦੇ ਚੰਗੇ ਭਾਗ ਹਨ।

❑❑❑

*-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ **"400 ਸਾਲ ਗੁਰ ਇਤਿਹਾਸ ਦੇ ਨਾਲ"** ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

*ਲੜੀ ਜੋੜਨ ਲਈ ਅੰਕ ਪਿਛਲਾ ਦੇਖੋ ਜੀ :-*

**20. ਪ੍ਰ: ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥ ਇਹ ਪਾਵਨ ਸ਼ਬਦ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿੱਥੇ ਉਚਾਰਿਆ?**

ਉ: ਮਾਛੀਵਾੜੇ ਵਿਖੇ

ਸ਼੍ਰੋਮਣੀ ਕਮੇਟੀ ਨੇ ਜ਼ਿਕਰ ਲਿਖਿਆ ਹੈ, ਭਾਈ ਵੀਰ ਸਿੰਘ ਜੀ ਨੇ ਵੀ ਲਿਖਿਆ ਹੈ ਕਿ ਜਦੋਂ ਚਮਕੌਰ ਦੀ ਗੜ੍ਹੀ ਤੋਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਿਕਲੇ। ਨੰਗੇਂ ਚਰਨੀ (ਪੈਰੀਂ) ਚੱਲ ਰਹੇ ਸਨ। ਜੋੜਾ ਵੀ ਚਰਨਾਂ ਵਿੱਚ ਨਹੀਂ ਸੀ। ਮਾਛੀਵਾੜੇ ਦੀ ਜੂਹ ਆ ਗਈ। ਗੁਰੂ ਜੀ ਦੇ ਪਾਵਨ ਚਰਨਾਂ ਤੇ ਛਾਲੇ ਹੋ ਗਏ। ਸੰਘਣੇ ਬ੍ਰਿਛ ਸਨ। ਇੱਥੇ ਇੱਕ ਖੂਹ ਤੇ ਪਹੁੰਚੇ। ਜਲ ਛਕਿਆ। ਫਿਰ ਇੱਕ ਜੰਡ ਦੇ ਦਰੱਖਤ ਹੇਠ ਮਿੱਟੀ ਦੀ ਇੱਕ ਟਿੰਡ ਲਈ। ਉਸ ਨੂੰ ਸਿਰਹਾਣਾ ਬਣਾਇਆ। ਉਸੀ ਤਰ੍ਹਾਂ ਸ਼ਸ਼ਤਰ ਸਜੇ, ਕਮਰਕੱਸਾ ਬੱਧੇ, ਆਪ ਜੀ ਲੇਟ ਗਏ। ਸਿਆਲ ਦੀ ਮਹਾਂ ਠੰਡੀ ਰਾਤ ਦੇ ਪਿਛਲੇ ਪਹਿਰ ਵਿੱਚ ਕੁਝ ਸਮਾਂ ਆਰਾਮ ਕਰਨ ਲੱਗ ਪਏ। ਉਹ ਸਤਿਗੁਰੂ ਜੀ, ਜਿਨ੍ਹਾਂ ਦੀ ਸੇਵਾ ਵਿੱਚ ਦੇਵਗਣ ਤੇ ਫਰਿਸ਼ਤੇ ਹਾਜ਼ਰ ਹਨ, ਜਿਨ੍ਹਾਂ ਦੇ ਤੁਰਨ ਲਈ ਮਖਮਲ ਵਿਛਦੇ ਸਨ, ਜਿਨ੍ਹਾਂ ਦੇ ਅਰਾਮ ਲਈ ਜਗਤ ਆਪਾ ਵਾਰਦਾ ਸੀ, ਟਿੰਡ ਸਿਰਹਾਣੇ ਭੁੰਜੇ ਪਏ ਹਨ, ਚਰਨਾਂ ਵਿੱਚ ਕੰਡੇ ਖੁੱਭਣ ਕਰਕੇ, ਬਾਰੂਦ ਦੇ ਕੰਕਰ ਵੱਜਣ ਕਰਕੇ ਚਰਨ ਸੁੱਚੇ ਲਹੂ ਨਾਲ ਭਰੇ ਹਨ, ਸਰੀਰ ਥਕਤ ਹੈ, ਉੱਤੇ ਕੋਈ ਲੋਈ ਕੰਬਲੀ ਨਹੀਂ, ਪਾਸ ਕੋਈ ਦਰਦੀ ਪਿਆਰਾ ਨਹੀਂ, ਪਰਿਵਾਰ ਵਿਛੋੜ ਆਏ ਹਨ, ਦੋ ਸਾਹਿਬਜ਼ਾਦੇ ਅੱਖਾਂ ਸਾਹਮਣੇ ਸ਼ਹੀਦ ਹੋ ਚੁੱਕੇ ਹਨ, ਇਸ ਵੇਲੇ ਇਕੱਲੇ ਬਿਰਾਜ ਰਹੇ ਹਨ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਿਆ ਹੈ:

***ਦੋਹਰਾ :***

***ਧੰਨ ਧੰਨ ਗੁਰਦੇਵ ਜੂ, ਸੁਖ ਦੁਖ ਬ੍ਰਿਤੀ ਸਮਾਨ।***
***ਹਰਖ ਸ਼ੋਕ ਜਾਂ ਕੈ ਨਹੀਂ, ਰਾਗ ਨ ਦ੍ਵੈਸ਼ ਮਹਾਨ ॥੨੪॥***

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੬)*

ਅਜਿਹੇ ਹਾਲ ਵਿੱਚ ਵੀ ਅਡੋਲ ਬਿਰਤੀ ਹੈ ਤੇ ਕੀ ਉਚਾਰ ਰਹੇ ਹਨ, ਸਾਰੇ ਪਿਆਰ ਨਾਲ ਪੜ੍ਹੋ ਜੀ:

***ਖਿਆਲ ਪਾਤਿਸ਼ਾਹੀ ੧੦ ॥***
***ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ॥***
***ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ***
***ਨਾਗ ਨਿਵਾਸਾਂ ਦੇ ਰਹਿਣਾ ॥***

*ਸੂਲ ਸੁਰਾਹੀ ਖੰਜਰੁ ਪਿਯਾਲਾ*
*ਬਿੰਗ ਕਸਾਈਆਂ ਦਾ ਸਹਿਣਾ ॥*
*ਯਾਰੜੇ ਦਾ ਸਾਨੂੰ ਸੱਥਰੁ ਚੰਗਾ*
*ਭੱਠ ਖੇੜਿਆਂ ਦਾ ਰਹਿਣਾ ॥੧॥੧॥*

*(ਸ੍ਰੀ ਦਸਮ ਗ੍ਰੰਥ)*

ਇੱਥੇ ਹੀ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮਾਨ ਸਿੰਘ ਜੀ ਆ ਮਿਲੇ। ਇੱਥੋਂ ਭਾਈ ਗੁਲਾਬਾ ਜੀ ਗੁਰੂ ਸਾਹਿਬ ਜੀ ਨੂੰ ਆਪਣੇ ਘਰ ਸਤਿਕਾਰ ਨਾਲ ਲੈ ਕੇ ਆਏ ਅਤੇ ਉੱਥੇ ਹੀ ਮਾਤਾ ਹਰਦੇਈ ਪਾਸੋਂ ਚੌਲਾ ਪ੍ਰਵਾਨ ਕੀਤਾ। ਇਹ ਜੰਡ ਦਾ ਦਰੱਖਤ ਜਿਸ ਦੇ ਥੱਲੇ ਸਤਿਗੁਰੂ ਜੀ ਨੇ ਅਰਾਮ ਕੀਤਾ, ਅੱਜ ਵੀ ਸੁਸ਼ੋਭਿਤ ਹੈ। ਇਸ ਪਾਵਨ ਅਸਥਾਨ ਦਾ ਨਾਂ ਮਾਛੀਵਾੜੇ ਦੀ ਧਰਤੀ ਤੇ ਗੁਰਦੁਆਰਾ ਚਰਨ ਕੰਵਲ ਸਾਹਿਬ ਹੈ। ਜਿੱਥੇ ਗੁਰੂ ਸਾਹਿਬ ਜੀ ਨੇ ਭਾਈ ਗੁਲਾਬਾ ਜੀ ਦੇ ਘਰ ਚਰਨ ਪਾਏ, ਉੱਥੇ ਗੁਰਦੁਆਰਾ ਚੁਬਾਰਾ ਸਾਹਿਬ ਮਾਛੀਵਾੜੇ ਦੀ ਧਰਤੀ ਤੇ ਸੁਸ਼ੋਭਿਤ ਹੈ।

❑❑❑

**21. ਪ੍ਰ: ਜਦੋਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਹੋਇਆ ਤਾਂ ਕਿਹੜੇ ਪੀਰ ਨੇ ਪੱਛਮ ਦੀ ਜਗ੍ਹਾ ਪੂਰਬ ਵੱਲ ਸਿਜਦਾ ਕੀਤਾ? ਉਸ ਪੀਰ ਦਾ ਨਾਂ ਦੱਸੋ?**

ਉ: ਪੀਰ ਭੀਖਣ ਸ਼ਾਹ ਜੀ

ਇਹ ਪਟਿਆਲੇ ਦੇ ਨੇੜੇ ਘੜਾਮ ਦੇ ਰਹਿਣ ਵਾਲੇ ਸਨ ਤੇ ਸੂਫੀ ਸੰਤ ਸਨ। ਜਦੋਂ ਮਹਾਰਾਜ ਜੀ ਦਾ ਆਗਮਨ ਹੋਇਆ ਤੇ ਪੀਰ ਭੀਖਣ ਸ਼ਾਹ ਜੀ ਨੇ ਪੱਛਮ ਦੀ ਜਗ੍ਹਾ ਪੂਰਬ ਵੱਲ ਸਿਜਦਾ ਕੀਤਾ। ਚੇਲਿਆਂ ਨੇ ਪੁੱਛਿਆ ਕਿ ਅੱਜ ਤੁਹਾਨੂੰ ਗਲਤੀ ਲੱਗ ਗਈ ਹੈ। ਤੁਸੀਂ ਅੱਜ ਪੂਰਬ ਵੱਲ ਸਿਜਦਾ ਕੀਤਾ ਤੇ ਪੀਰ ਜੀ ਕਹਿਣ ਲੱਗੇ, ਜਿਸਨੂੰ ਪੱਛਮ ਵੱਲ ਸਿਜਦਾ ਕਰਦਾ ਹਾਂ, ਅੱਜ ਉਸ ਨੇ ਪੂਰਬ ਵਾਲੇ ਬੰਨੇ ਜਗਤ ਦੇ ਉਧਾਰ ਲਈ ਇਸ ਧਰਤੀ ਤੇ ਆਗਮਨ ਲਿਆ ਹੈ। ਫਿਰ ਪੀਰ ਭੀਖਣ ਸ਼ਾਹ ਜੀ ਆਪਣੇ ਚੇਲਿਆਂ ਨਾਲ ਪਟਨਾ ਸਾਹਿਬ ਵਿਖੇ ਦਸਮ ਪਾਤਸ਼ਾਹ ਜੀ ਦੇ ਦਰਸ਼ਨਾਂ ਵਾਸਤੇ ਵੀ ਗਏ।

❑❑❑

**22. ਪ੍ਰ: ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਭੋਰਾ ਸਾਹਿਬ ਕਿੱਥੇ ਹੈ, ਜਿੱਥੇ ਬੈਠ ਕੇ ਉਹ ਬੰਦਗੀ ਕਰਦੇ ਸਨ ਤੇ ਸਰੀਰਿਕ ਲੋੜ ਵਾਸਤੇ ਕੋਲ ਭੁੱਜੇ ਛੋਲੇ ਤੇ ਜਲ ਰੱਖ ਲੈਂਦੇ ਸਨ?**

ਉ: ਤਖ਼ਤ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ)

ਇੱਥੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਕਈ-ਕਈ ਦਿਨ ਭੋਰਾ ਸਾਹਿਬ ਵਿਖੇ ਰਹਿ ਕੇ ਬੰਦਗੀ ਵਿੱਚ ਲਿਵਲੀਨ ਰਹਿੰਦੇ ਸਨ ਤੇ ਸਰੀਰਿਕ ਕਿਰਿਆ ਲਈ ਦੋ ਗਾਗਰਾਂ ਵਿੱਚ ਭੁੱਜੇ ਛੋਲੇ ਤੇ ਜਲ ਰੱਖ ਲੈਂਦੇ ਸਨ। ਇਹ ਗਾਗਰਾਂ ਅੱਜ ਵੀ ਭੋਰਾ ਸਾਹਿਬ ਵਿਖੇ ਸੁਭਾਇਮਾਨ ਹਨ।

❑❑❑

**23. ਪ੍ਰ: ਗੁਰੂ ਕੀ ਕਾਸ਼ੀ ਦਾ ਵਰਦਾਨ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਸ ਅਸਥਾਨ ਨੂੰ ਦਿੱਤਾ?**

ਉ: ਗੁਰਦੁਆਰਾ ਸ੍ਰੀ ਲਿਖਣਸਰ ਸਾਹਿਬ, ਪਾ: 10ਵੀਂ (ਸਾਬੋ ਕੀ ਤਲਵੰਡੀ)

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਾਲੇ ਪਾਵਨ ਅਸਥਾਨ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਾਵਨ ਸਰੂਪ ਧੰਨ ਧੰਨ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ ਤੇ ਧੰਨ ਧੰਨ ਬਾਬਾ ਦੀਪ ਸਿੰਘ ਜੀ ਨੇ ਸਿਆਹੀ, ਕਾਗਜ਼, ਕਲਮਾਂ ਦੀ ਸੇਵਾ ਨਿਭਾਈ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਸਰੂਪ ਦੀ ਲਿਖਾਈ ਦੇ ਕਾਰਜ ਦੀ ਸਮਾਪਤੀ ਉਪਰੰਤ ਘਸੀਆਂ ਕਲਮਾਂ ਤੇ ਬਚੀ ਹੋਈ ਸਿਆਹੀ ਤੇ ਕਾਗਜ਼ ਲਿਖਣਸਰ ਸਰੋਵਰ ਵਿੱਚ ਜਲ ਪ੍ਰਵਾਹ ਕੀਤੀਆਂ ਕਿਉਂਕਿ ਜਿਨ੍ਹਾਂ

ਕਲਮਾਂ ਦਾ ਮੂੰਹ ਲਿਖਾਈ ਕਰਦਿਆਂ ਘਸ ਜਾਂਦਾ ਸੀ, ਉਸ ਕਲਮ ਨੂੰ ਦੁਬਾਰਾ ਨਹੀਂ ਘੜਿਆ ਜਾਂਦਾ ਸੀ ਸਗੋਂ ਬੜੇ ਅਦਬ ਨਾਲ ਸੰਭਾਲ ਲਿਆ ਜਾਂਦਾ ਹੈ। ਇਸ ਕਲਮ ਨਾਲ ਗੁਰਬਾਣੀ ਲਿਖੀ ਹੈ, ਹੁਣ ਇਸ ਕਲਮ ਨੂੰ ਦੁਬਾਰਾ ਨਹੀਂ ਘੜਨਾ। ਕਿੰਨਾ ਸਤਿਕਾਰ ਗੁਰਬਾਣੀ ਦਾ। ਇਹ ਕਲਮਾਂ, ਬਚੀ ਹੋਈ ਸਿਆਹੀ ਤੇ ਕਾਗਜ਼ ਲਿਖਣਸਰ ਸਰੋਵਰ ਵਿੱਚ ਜਲ ਪ੍ਰਵਾਹ ਕਰਦਿਆਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਪਾਵਨ ਅਸਥਾਨ ਨੂੰ ਗੁਰੂ ਕੀ ਕਾਸ਼ੀ ਦਾ ਵਰਦਾਨ ਦਿੱਤਾ ਤੇ ਨਾਲ ਫ਼ਰਮਾਇਆ ਇਹ ਅਸਥਾਨ ਗਿਆਨ ਦਾ ਮਹਾਨ ਕੇਂਦਰ ਹੋਵੇਗਾ। ਇੱਥੋਂ ਗੁਰਮਤਿ ਵਿੱਚ ਪ੍ਰਬੁੱਧ ਵਿਦਵਾਨ, ਲਿਖਾਰੀ ਪੈਦਾ ਹੋਣਗੇ ਅਤੇ ਇਸ ਧਰਤੀ ਤੇ ਬਖਸ਼ਸ਼ ਕਰਦਿਆਂ ਬਚਨ ਕੀਤਾ, ਜੋ ਪ੍ਰਾਣੀ ਸ਼ਰਧਾ ਭਾਵਨਾ ਨਾਲ ਇੱਥੇ ਗੁਰਮੁੱਖੀ ਦੀ ਪੈਂਤੀ ਲਿਖੇਗਾ, ਉਸ ਨੂੰ ਉੱਤਮ ਬੁੱਧੀ ਪ੍ਰਾਪਤ ਹੋਵੇਗੀ।

ਬੱਚੇ ਇਸ ਨੂੰ ਬਹੁਤ ਧਿਆਨ ਨਾਲ ਨੋਟ ਕਰਨਾ। ਜਦੋਂ ਵੀ ਸਮਾਂ ਬਣੇ, ਉੱਥੇ ਜਾ ਕੇ ਪੈਂਤੀ ਲਿਖਣੀ ਹੈ। ਪੈਂਤੀ ਤੋਂ ਭਾਵ ੳ, ਅ, ੲ (ਪੰਜਾਬੀ ਦੇ ਸਾਰੇ ਪੈਂਤੀ ਅੱਖਰ) ਇਹ ਲਿਖਣੇ ਹਨ। ਨਾਲ ਗੁਰੂ ਸਹਿਬ ਨੇ ਇਹ ਵੀ ਬਚਨ ਕੀਤਾ ਕਿ ਜਿਹੜੇ ਇੱਥੇ ਪੈਂਤੀ ਲਿਖੇਗਾ, ਉਹ ਬੜਾ ਹੀ ਵੱਡਾ ਵਿਦਵਾਨ ਹੋਵੇਗਾ। ਇਹ ਪਾਵਨ ਅਸਥਾਨ ਤਖ਼ਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ (ਬਠਿੰਡਾ) ਵਿਖੇ ਸੁਸ਼ੋਭਿਤ ਹੈ।

❑❑❑

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਿਫਤਿ ਸਾਲਾਹ ਦੇ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਕੈਸ਼ ਜਮ੍ਹਾਂ ਕਰਵਾਉਣ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
   ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
   ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
   IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

# ਅਨਮੋਲ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਸੰਗ੍ਰਹਿ ਕਰਤਾ -ਸੰਪਾਦਕ

**282** ਅਰਦਾਸ ਕਰਨ ਵੇਲੇ ਜਗਿਆਸੂ ਦੇ ਹਿਰਦੇ ਵਿੱਚ ਨਿਮਰਤਾ ਹੋਵੇ, ਬੋਲਾਂ ਵਿੱਚ ਨਿਮਰਤਾ ਹੋਵੇ, ਖਲੋਣ ਵਿੱਚ ਨਿਮਰਤਾ ਹੋਵੇ ਤਾਂ ਅਰਦਾਸ ਗੁਰੂ ਸਾਹਿਬ ਅੱਗੇ ਚਿੱਠੀ ਬਣ ਕੇ ਪਹੁੰਚਦੀ ਹੈ।

**283** ਕਿਸੇ ਨੂੰ ਮਾਇਆ ਦਾਨ ਕਰਨ ਦੀ ਹਉਮੈ ਆ ਗਈ, ਇਹ ਲੋਹੇ ਦੀਆਂ ਜੰਜ਼ੀਰਾਂ ਹਨ। ਕਿਸੇ ਨੂੰ ਨਿਤਨੇਮ ਦੀ ਹਉਮੈ ਆ ਗਈ, ਇਹ ਸੋਨੇ ਦੀਆਂ ਜੰਜ਼ੀਰਾਂ ਹਨ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

**116** ਮਾਤਾ ਪਿਤਾ ਅਤੇ ਗੁਰੂ ਇਨ੍ਹਾਂ ਦਾ ਹਮੇਸ਼ਾਂ ਹੀ ਸਤਿਕਾਰ ਕਰੋ।

**117** ਜੋ ਵਿਦਿਆ ਦੇ ਹੰਕਾਰ ਵਿੱਚ ਕਿਸੇ ਦਾ ਸਤਿਕਾਰ ਨਹੀਂ ਕਰਦਾ ਉਹ ਤਾਂ ਬਲਦ ਦੀ ਨਿਆਈਂ ਹੈ ਜੋ ਭਾਰ ਲਈ ਫਿਰਦਾ ਹੈ।

—ਭਾਈ ਅਮਰੀਕ ਸਿੰਘ ਗਨੈਸਕ

## धन्य धन्य बाबा दीप सिंघ जी के धन्य धन्य श्री गुरु गोबिंद सिंघ जी महाराज के साथ प्यार भरे सवाल-जवाब

# हमारी की सेवा एवं सिमरन पर गुरु की खुशी की मोहर लग गई है, कैसे पता लगेगा ?

*–गुरविंद्र सिंघ, पटियाला*

*शब्दः*

*बसंतु हिंडोल महला ४ घरु २*
*ੴ सतिगुर प्रसादि ॥*
*राम नामु रतन कोठड़ी*
*गड़ मंदरि एक लुकानी ॥*
*सतिगुरु मिलै त खोजीऐ*
*मिलि जोती जोति समानी ॥१॥*
*माधो साधू जन देहु मिलाइ ॥*
*देखत दरसु पाप सभि नासहि*
*पवित्र परम पदु पाइ ॥१॥ रहाउ ॥*
*पंच चोर मिलि लागे नगरीआ*
*राम नाम धनु हिरिआ ॥*
*गुरमति खोज परे तब पकरे*
*धनु साबतु रासि उबरिआ ॥२॥*
*पाखंड भरम उपाव करि थाके*
*रिद अंतरि माइआ माइआ ॥*
*साधू पुरखु पुरखपति पाइआ*
*अगिआन अंधेरु गवाइआ ॥३॥*
*जगंनाथ जगदीस गुसाई*
*करि किरपा साधु मिलावै ॥*
*नानक सांति होवै मन अंतरि*
*नित हिरदै हरि गुण गावै ॥४॥१॥३॥*

*(अंग ११७८)*

बाबा दीप सिंघ जी के प्यार में कहो, सतिनाम श्री वाहिगुरु जी। बहुत सारे रागिओं से आप जी सुनते हो कि भाई, गुरु को प्यार करो। आज वह सीढ़ी चढ़ जाओ। एक सीढ़ी है, गुरु को प्यार करो। दूसरी सीढ़ी है गुरु आपके साथ प्यार करने लग पड़े कि वह सीढ़ी कहीं चढ़ जाओ :

*कबीर मनु निरमलु भइआ जैसा गंगा नीरु ॥*
*पाछै लागो हरि फिरै कहत कबीर कबीर ॥५५॥*

*(अंग १३६७)*

कबीर जी कहते हैं हरि पीछे–पीछे फिरता है। यह कैसी सीढ़ी है कि गुरु स्वयं सिक्ख को प्यार करने लग जाए? यह मिलती कैसे है?

*माधो साधू जन देहु मिलाइ ॥*
*देखत दरसु पाप सभि नासहि*

**पवित्र परम पदु पाइ ॥१॥ रहाउ ॥**

*(अंग ११७८)*

कौन–सा काम करें कि गुरु हमें प्यार करने लग जाए? गुरु उसको प्यार करता है जिसको नाम की भूख लगनी शुरू हो जाए। अब कोई ऐसा नहीं होगा, जिसका नक्शा सामने न आया हो। एक है गुरु का काम धक्के से करना और एक है भूख लगने लग गई है। ध्यान दो! जिस दिन आपको भूख लगनी शुरु हो गई, फिर गुरु आपके साथ चलने लग जाए। एक है, अमृत वेले बड़ी जोर से, धक्के से उठना। एक है कि रात को आठ–आठ बार जाग आती है घड़ी पर टाइम देखता है कि अमृत वेला कहीं बीत न जाए। भूख लगनी शुरु हो गई। कई शरीर यहाँ पर बैठे होंगे, जो अमृत वेले स्नान करके चौकड़ी मार कर सिमरन करने के लिए बैठते हैं। शुक्र है, गरीब निवाज, दरबार साहिब बैठे हैं। शुक्र है, शहीदां साहिब बैठे हैं। शुक्र है, घर गुरु साहिब के कमरे में बैठे हैं। कहीं भी। फिर जब एक घण्टा होता है, डेढ़ घण्टा होता है तो चिंता–फिक्र शुरू हो जाती है कि बच्चों को स्कूल भेजना है, घर का काम होता है तो डेढ़ घण्टा थोड़ा लगने लग जाए। एक पाठ सुखमनी साहिब किया है, दूसरा शुरु करने को दिल करे तो समझ लेना भूख लगनी शुरू हो गई है, ऐसी अवस्था पर गुरु की खुशी मिलती है। इसका दूसरा नक्शा देखो। हम गुरबाणी पढ़ने बैठे हैं। सिमरन करने बैठे हैं यदि नींद, आलस्य, दरिद्रता भारी हो गया तो समझ लेना अभी प्यार नहीं आया, गुरु के काम में। गुरु साहिब हम पर तब खुश होंगे, जब नाम की भूख लगनी शुरु हो जाएगी। दास सब को हाथ जोड़कर विनती करता है इतना प्यार करो, गुरु से, अपने बच्चों को भी संभालो। जपुजी साहिब पढ़ा कर स्कूल भेजा करो। गुरु की कृपा से दास विनती करता है, मालिक का पहरा बच्चे के साथ रहेगा। यदि बच्चा आपका आठ–नौ साल का है तो एक पाठ जपुजी साहिब का करके स्कूल जाए। और छोटा है, बीस पउड़ियां, पंद्रह पउड़ियां करके स्कूल जाए। इंकलाब लाओ। नाम जपने वालों का आगमन दिवस मनाना है, हम नाम से जुड़ जाएं। दास विनती करता है, आज काम आसान है। कलियुग आ गया तो कठिन नहीं, सरल हो गया है। जो साधन निकल आए हैं, उन्होंने आपको सरल कर दिया है। कैसे? दो मिनट के लिए वृति ले जाओ खडूर साहिब की धरती पर। धन्य गुरु अंगद साहिब जी का समय। भाई मरदाना जी का जब देहांत हो गया तो उनका पुत्र कीर्तन करता था। उनके बाद भाई बलवंड जी आए हैं। एक सत्ता बलवंड हुए हैं, धन्य गुरु अर्जुन देव जी के समय। वह अलग हैं।

ये हैं भाई बलवंड जी, तो पढ़ो इतिहास। पता नहीं दस बजे का समय था या साढ़े नौ बजे का समय था। बाबा बुड्ढा साहिब जी कहते हैं, बलवंड जी, भूख बड़ी लगी है और बलवंड जी कहने लगे, वह सामने लंगर है। जाकर छक लो। कहते, बलवंड जी, लंगर की भूख नहीं लगी। शब्द की भूख लगी है। साज खोलो, एक शब्द सुना दो। यह भी एक टाईम था। कोई साज खोले, कीर्तन करे तो ही दूसरा सुने। आज

कौन–सा युग आ गया है। कितनी साइंस की तरक्की है। आप Pen Drive लगाकर भी जुड़ सकते हो। अमृतसर से कार पर आप जा रहे हो, जालंधर। सवा घण्टा, डेढ़ घण्टे का रास्ता है, चाहो तो अपने सफर को भक्ति बना लो। गुरबाणी का Pen Drive से आनंद प्राप्त करते जाओ। यदि साइंस ने चीजें निकाली हैं, इनका इधर प्रयोग करो तो सफल है। घर में, दुकान में सी.डी. प्लेयर, आई पैन या मोबाइल पर शब्द लगाओ। स्त्रियों को दास विनती करेगा कि एक नई चीज चल पड़ी है, चिप। सारा दिन न टेप बदलने की आवश्यकता, रसोई में वाहिगुरु का जाप सारा दिन लगा रहता है। आप आटे का पेड़ा बेलोगे, उस में वाहिगुरु का जाप जाएगा। आप आटा गुंथोगे, उसमें वाहिगुरु का जाप जाएगा। जो साधन निकल आए हैं, गुरु प्यारो, इनके द्वारा अपना नेम बढ़ाओ। सिक्ख गुरु से प्यार करे। इससे ऊपर सीढ़ी है, गुरु सिक्ख से प्यार करने लग जाए। कैसे करेगा? यदि हमें नाम की भूख लगनी शुरु हो जाए। भूख लगे। गुरु चलाए क्योंकि बातों से कीर्तन नहीं चाहते। भूख लगनी चाहिए पर लगेगी कैसे? एक बार पढ़ो सारेः

*माधो साधू जन देहु मिलाइ ॥*
*देखत दरसु पाप सभि नासहि*
*पवित्र परम पदु पाइ ॥१॥ रहाउ ॥*

*(अंग ११७८)*

बाबा बुड्ढा साहिब जी ने कहा, बलवंड जी को, भूख बहुत लगी है, शब्द सुना दो। अंदर स्वाभाविक होता है कि सुना कीर्तन और यह समय था। बलवंड जी ने कहा, मैं खाली बैठा हुआ हूँ? अभी चौकी खत्म हुई है। चौकियाँ होती है, शब्द कीर्तन की। कई ऐतिहासिक गुरुद्वारों में शब्द चौकी का कीर्तन होता है। श्री हरिमन्दिर साहिब तो सारा दिन चौकियों से कीर्तन होता है। बिलावल की चौकी, आसा जी की वार की चौकी, सो दर की चौकी। कहते, मैंने अभी चौकी की, कीर्तन की समाप्ति करके हटा हूँ। फिर साज खोलूँ? बाबा बुड्ढा जी आगे से नहीं बोले। जब शाम को बलवंड जी कीर्तन करने लगे तो धन्य गुरु अंगद देव जी ने पीठ कर ली। तो भाई बलवंड जी ने धन्य गुरु अंगद देव जी को विनती की– महाराज! आपने मेरी तरफ से पीठ कर ली है। धन्य गुरु अंगद देव जी कहने लगे, सुबह इतनी भूख लगी हुई थी और तब कीर्तन नहीं सुनाया। महाराज जी! आपको कब इन्कार किया? धन्य गुरु अंगद देव जी कहने लगे, हमारे सिक्ख बाबा बुड्ढा साहिब जी को भूख लगी थी। जब जपने वाले के मुख में से कुछ निकले तो वह मैं मांग रहा होता हूँ। ध्यान देना! दास इतनी बात कर रहा है कि कोई बाजा खोले, कीर्तन करे तो ही दूसरा कीर्तन सुन सकता था। आज इतने साधन निकल आए हैं। यदि आज भी न जुड़े तो फिर कब जुड़ेंगे? अरदास करो, हमें नाम जपने की भूख लगे। फिर गुरु आपके पीछे–पीछे। अब विचार करना है नाम की भूख लगेगी कैसे?

*माधो साधू जन देहु मिलाइ ॥*
*देखत दरसु पाप सभि नासहि*
*पवित्र परम पदु पाइ ॥१॥ रहाउ ॥*

*(अंग ११७८)*

यदि चाहते हो, भूख लगनी शुरू हो जाए, पहला ढंग है, नाम से लिवलीन हुओं की किताबें पढ़ो। दूसरा ढंग, टेपें सुना करो। तीसरा ढंग, नाम जपने वालों का संग करो। आपको भी भूख लगनी शुरु हो जाएगी।

संत वरियाम सिंघ जी रतवाड़े वाले महापुरुष। उनका मैगजीन निकलता है, 'आत्म मार्ग'। दास पढ़ रहा था। आपने नाम सुना होगा। संत ज्वाला सिंघ जी, बड़ी करनी कमाई वाले महापुरुष हुए हैं। संत वरियाम सिंघ जी ने अपनी कलम से लिखा है। संत ज्वाला सिंघ जी की संगत की। उनका नेम लिखा है। दास पढ़ कर गहरी सोच में डूब गया था। एक रंगे की किताब पढ़ोगे, रंग लगेगा। रंगे की टेप सुनोगे, रंग लगेगा। संत ज्वाला सिंघ जी का नितनेम, संत वरियाम सिंघ जी ने अपनी कलम से लिखा था। लिखने वाला भी शरीर त्याग चुका है और जिसका लिखा है, उसका भी देहांत हो चुका है। जपु जी साहिब, जाप साहिब, त्वप्रसादि सवैये, चौपई साहिब व अनंद साहिब। पाँच बाणियाँ रोज पाँच बार पढ़नी। एक दिन उनके सेवक ने हिम्मत करके महापुरुषों से पूछा– जी, पाँच प्यारे तो अमृतपान के समय पाँच बाणियों का पाठ एक बार करने के लिए कहते हैं और आप जी पाँच बार क्यों करते हो? जपु जी साहिब पाँच बार, जाप साहिब, त्वप्रसादि सवैये, चौपई साहिब, अनंद साहिब पाँच–पाँच बार। यह क्यों? तो महापुरुष ज्वाला सिंघ जी ने बताया, भाई, मुझे भी पता है कि पाँच प्यारे एक बार पाँच बाणिओं का पाठ करने को कहते हैं। पर दास पाँच बार इसलिए करता है, क्योंकि जब मैंने अमृतपान किया था तो उस समय मेरी उम्र 17 साल की थी। मैं पाँच बार नितनेम अब इसलिए करता हूँ ताकि 17 साल जो व्यर्थ गंवा दिए, वह भी लेखे लग जाएँ श्री गुरु गोबिंद सिंघ जी के चरणों में। सारा कोटा पूरा हो जाए। सुचेतता। जब दास ने पढ़ा तो दास हैरान हो गया। पाँच बाणियाँ रोज़ाना पाँच बार नेम। पंद्रह पाठ सुखमनी साहिब जी का रोज़ाना नेम व पच्चीस पाठ जपुजी साहिब का रोज़ाना नेम। अब बताओ। यह जब किसी रंगे हुए का किसी किताब में से वचन पढ़ोगे, कुछ न कुछ तो असर करेगा ही। यदि चाहते हो, भूख लगे तो यह मार्ग है। रंगों के वचन सुनो। रंगों की संगत करो।

प्यारो, कुछ समय पहले दास कीर्तन दौरान उज्जैन शहर गया था। बाबा जी ने सेवा ली। इंदौर हम उतरे। इंदौर से वाया रोड डेढ़ घण्टे का मार्ग है, उज्जैन का। जब गाड़ी में बैठे, उज्जैन के लिए। जो सिंघ ड्राइविंग कर रहा था, दास उसकी साथ वाली सीट पर बैठा था। पीछे तबले वाला और उनके साथ आए सिंघ। दूसरी गाड़ी में शेष जत्थे वाले और उनके सिंघ। प्यारो, अभी गाड़ी स्टार्ट ही हुई थी और जो लोई है, सिरोपा है, एक सिंघ ने इसकी बुकल मारी हुई थी। इस शाल (लोई) को उसने दस्तार के ऊपर से मुँह सहित कवर करके अपने आपको लोई में कर लिया ताकि ध्यान दूसरी तरफ जाए ही न कि सड़क पर कौन आ रहा है, कौन जा रहा है। रस लूटने वाले। जिनको भूख लगती है उनके पास युक्तियाँ होती हैं। प्यारो, इन्दौर से

उज्जैन वाया रोड डेढ़ घण्टे का मार्ग व उस गुरमुख ने सुखमनी साहिब का पाठ ऊँची आवाज में शुरू कर दिया। डेढ़ घण्टे में केवल आठ अष्टपदियाँ पढ़ीं। जिस पंक्ति पर रस आ गया है, हो गई चढ़ाई। किसी पंक्ति में सिमरन आ गया तो सिमरन। जब दास वहाँ उतरा, इतना मन में आया, हे गरीब निवाज! इतनी रंगी रूहें कहाँ–कहाँ रहती हैं। तेरी कैसी लीला है। दास पर इतना असर हुआ, उस शरीर का। बाद में दास ने सिर झुका कर उनको फतेह बुलाई। नयन भारे, रंगे हुए, आठ अष्टपदियाँ पढ़ीं, बड़े रस में। किसी से सिमरन तो कहीं कुछ। जिस पंक्ति पर प्यार आ गया। अगले दिन दसम ग्रंथ की बाणी श्रवण करवाई पता नहीं उस गुरु के प्यारे को कितनी गुरबाणी कंठ थी। उस शरीर ने जुबानी जुड़ कर श्रवण करवाई। इतनी प्रेरणा मिली, इतने गुण मिले कि कहाँ–कहाँ रंगी हुई, दुनियां बैठी है। इशारा लेना। अगर चाहते हो, भूख लगे, ऐसे रंगों की संगत करो। ऐसे रंगों के वचन सुनो। रंगों का कीर्तन सुनो। रंगों की किताब पढ़ो। आपको भी रंग लगना शुरू हो जाएगा। दास तो बड़े नीचे की बात कह रहा है कि आप किताबें पढ़ो। आप गुस्सा न करना।

टेप सुनो, संग करो। यदि धन्य गुरु अर्जुन देव जी महाराज को पूछो, वह तो इससे आगे जाते हैं। कहते हैं, रंगों की किताब पढ़ना एक तरफ, टेप सुनना एक तरफ, संगत करना एक तरफ। धन्य गुरु अर्जुन देव जी महाराज कहते, मुझे रंगों की धूल मिल जाए। जैसा बाणी में लिखा हैः

***गुरसिखां की हरि धूड़ि देहि***
***हम पापी भी गति पांहि।।***

*(अंग १४२४)*

यह मार्ग है। आज ले जाना! गुरु साहिब आप पर खुश होंगे। यदि भूख लगनी शुरु हो जाए। भूख कैसे लगेगी? रंगों का संग करो। उनकी टेपें सुनो। उनकी किताबें पढ़ो। अंदर रंग लगना शुरू हो जाएगा।

आपकी संगत का बच्चा है कीर्तनिया उससे गुरु साहिब ने शाहजहानपुर सेवा ली। अमृतसर आकर उसने वचन सुनाया। रात ग्यारह–बारह बज गए जब रात कीर्तन करके कमरे में आए। जिसके घर रुके थे, वह कमरे में आ गया और पूछने लगा कि दूध पिओगे या कुछ और? उन्होंने कहा कि थोड़ा–सा दूध ले आओ। थके हुए थे। सुबह से ही कीर्तन के दीवान थे। कहते जब दूध पीया तो बारह बज कर बीस मिनट हो गए और कहने लगे जिसके घर रुके थे, वह कहने लगा, गुरमुख प्यारो, आप आराम कर लो। सुबह फिर हाजरी है और हमारे भलाई केंद्र के जत्थे उनको भी विनती की, आप भी आराम कर लो। वह बड़े वैराग्य में कहता है, मेरा स्नान का समय हो गया। इन्होंने सत्य वचन किया। यह दूध पी रहे थे और वह स्नान करके आ गया कि कोई और चीज चाहिए तो बताओ? एक बात उसके मुँह से निकली। वह कहने लगा, आप गुरु की नगरी में आए हो और मैं जब नेम शुरु करता हूँ, पहले सुखमनी साहिब जी का पाठ। यदि मैं आपके कमरे में बैठकर कर लूँ? इन्होंने कहा कि जैसे आपकी इच्छा। अच्छी बात है।

सुखमनी साहिब जी का पाठ उसने चौकड़ी मारी, स्नान किया हुआ, लगभग डेढ–दो घण्टे में रस में पाठ किया। यह भी निहाल। वह भी निहाल। वह ऐसा माहौल बना कमरे का, पाँच बाणियाँ, फिर वह भी ऊँची आवाज में। इन्होंने बताया कि कहाँ नींद आ रही थी और रंगे हुए ने ऐसे रंग से पाठ किया कि नींद भी उड़ गई। सब कुछ परे। इन्होंने पूछा कि यह पाठ आज ही किया है या रोज का नेम है? वह कहने लगे कि रोज का नेम है। यह अंदर से मांगो :

*गुरसिखां की हरि धूड़ि देहि*
*हम पापी भी गति पांहि॥*

*(अंग १४२४)*

यह मार्ग है। यदि चाहते हो, भूख लगे, अंदर से अरदास किया करोः

*सेई पिआरे मेल जिना मिलिआ*
*तेरा नाम चित आवे।*

जरूर कुछ न कुछ कृपा होगी। अमृतसर में बाजार लुहारा स्थान है बाबा दीप सिंघ जी का। दास छोटा था, एक शरीर ने दास को छोटा–सा वचन सुनाया, किसी रंगे का। वह कहने लगा– दो सिंघों ने प्रयास किया है। श्री गुरु ग्रंथ साहिब जी महाराज का उनके घर प्रकाश है। एक सिंघ चंवर साहिब, एक सम्मुख अरदास करके उन्होंने सहज पाठ आरंभ किया है। इस में थोड़ी–सी क्रिया या सोना पड़ जाए। इसलिए सहज पाठ की अरदास की है, अखंड पाठ साहिब की नहीं। कहते, तीन–चार घण्टे एक रोल देता है और एक चंवर साहिब करता है। जब पाठ की सेवा करने वाला थक जाता है, चंवर साहिब करने वाला रोल पर बैठ जाता है और रोल वाला चंवर साहिब करने लग जाता है। सामान्य 47–48 घण्टे में अखंड पाठ साहिब होता है और उन्होंने तीन–चार घण्टे रैस्ट अपनी लेकर 55 घण्टे में सहज पाठ की अरदास करके एक चंवर साहिब, एक रोल। वह बैठ जाता है और दूसरा चंवर साहिब करता है। इस तरह उन्होंने 55 घण्टे में श्री गुरु ग्रंथ साहिब जी की सारी बाणी दोनों ने हाजरी लगाई। प्यारो, वह दास को सुना रहा था और व्यक्ति के दिमाग में अपनी स्कीम बननी शुरू हो जाती है। कौन–सा साथी लें। हम भी करें। कौन–सा दिन खाली निकालें। यदि चाहते हो, भूख लगे, रंगों के वचन, उनकी बातें इससे हमें नाम की भूख लगनी शुरू हो जाएगी, फिर गुरु पीछे–पीछे। अब अंदर से अरदास करना। हे मेरे माधो, मुझे वे साधू–जन, मुझे वह रंगे मिला देः

*माधो साधू जन देहु मिलाइ॥*
*देखत दरसु पाप सभि नासहि*
*पवित्र परम पदु पाइ॥१॥ रहाउ॥*

*(अंग ११७८)*

वृति ले जाओ, श्री आनंदपुर साहिब। बाबा दीप सिंघ जी कहाँ पहुँचे हुए। श्री आनंदपुर साहिब में बाबा दीप सिंघ जी संगत के जूठे बर्तन साफ कर रहे हैं और कलगीधर पिता जी बाबा जी के पीछे खड़े देख रहे हैं। यहाँ दास को राजा जनक का जिक्र याद आ जाता है। राजा जनक एक हजार ब्राह्मणों को रोज भोजन करवाता था और भोजन करवाना किसी को कोई बड़ी बात नहीं। वह उन एक हजार ब्राह्मणों के

जूठे पतल स्वयं उठाता था। तभी उसका नाम गुरबाणी में आ गया है, भाई गुरदास जी ने लिखा है:

*भगतु वडा राजा जनकु है*
*गुरमुखि माइआ विचि उदासी।*

*(वार १०, पउड़ी ५)*

बाबा दीप सिंघ जी इतने प्यार से बर्तन साफ कर रहे हैं, वाहिगुरु–वाहिगुरु चल रहा है। सात–आठ मिनट कलगीधर पातशाह जी पीछे खड़े रहे। पिता बड़ा प्रसन्न होता है कि पुत्र सही मार्ग पर चल रहा है। जब अचानक बाबा जी ने पीछे देखा कि धन्य गुरु गोबिंद सिंघ जी महाराज खड़े हैं और राख से लथपथ हाथों से बाबा दीप सिंघ जी कहने लगे, पातशाह जी आप खड़े हो, भूल हो गई तो कलगीधर पातशाह जी कहने लगे, एक बात बताओ। बर्तन क्यों मांज रहे हो? इतनी शस्त्र–विद्या और पढ़ाई। इतने आपके पास गुण। बाबा दीप सिंघ जी ने कहा कि बर्तन इसलिए मांज रहा हूँ क्योंकि मन बड़ा चंचल है। बर्तन इसलिए मांज रहा हूँ तांकि सेवक बनकर जिंदगी व्यतीत हो जाए। मैं कहीं कर्ता न बन जाऊँ। यह बहुत बड़ा गुण है। संभाल लेना। कोई परोपकारी काम करो। किसी को बाजा सिखाओ। शहर कोई संस्था खोलो पर यदि सेवक बनकर रहें तो सब कुछ संवर जाता है। कर्ता न बने। कर्ता वही है। जिस दिन आपने कह दिया कि मैंने किसी को बाजा सिखाया है, फिर कर्ता बन गए। कमाई संभालो।

महाराजा रणजीत सिंघ जी के पास एक चित्रकार आ गया। वह कहने लगा, महाराजा साहिब मेरी रीझ है, मैंने आपकी तस्वीर बनानी है। उन्होंने इन्कार कर दिया। वह कहने लगा मेरी रीझ है। याद रहेगी। अच्छा, कल आ जाना। जब अगले दिन चित्रकार आ गया, सुबह नौ बजे। जी आप जी, सिंघासन पर बैठो। मैंने तस्वीर बनानी है। महाराजा रणजीत सिंघ ने कहा, आ जाओ पीछे–पीछे। कहाँ ले गए? श्री गुरु ग्रंथ साहिब जी के कमरे में। जब कमरे में ले गए तो कहने लगे, मेरी तस्वीर बनानी है? वह कहने लगा– हाँ जी। महाराजा रणजीत सिंघ कहने लगे अपने पिता, रहबर के आगे, माथा टेकने लगा हूँ, तूं तस्वीर बना। जी आप सिंघासन पर बैठो, कुर्सी पर बैठो तो मैं बनाऊँ। कहते, नहीं। मैं चाहता हूँ, यदि तूने रणजीत सिंघ की तस्वीर बनानी है तो ऐसे बना कि रणजीत सिंघ से भी बड़ा मालिक है, जिसके आगे रणजीत सिंघ झुकता है। यह गुण लेना।

नवाब कपूर सिंघ को नवाबी मिली श्री अकाल तख्त साहिब से। नवाब कपूर सिंघ ने कहा, मैंने नवाबी नहीं लेनी। वह कहने लगे– संगत का हुक्म है, श्री अकाल तख्त साहिब का हुक्म है। तूं इन्कार करेगा? फिर हाथ जोड़कर कहा, एक शर्त पर लूंगा कि जो भी मैं गुरु घर घोड़ों की लीद उठाने की सेवा करता हूँ, नवाबी के बाद भी कोई मुझ से यह सेवा वापिस नहीं लेगा। देखो, मैं सेवक बना रहूँ, नवाबी के बाद भी।

बाबा दीप सिंघ जी, आज देखो, जगत पूज रहा है। क्या हिंदू, क्या सिक्ख, क्या मुसलमान।

*–शेष पन्ना 51 पर पढ़ो जी*

# चार साहिबज़ादों की शहीदी दास्तान

परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद

–जसविन्द्र सिंघ (पटियाला)

*शृंखला जोड़ने के लिए पिछला अंक देखें–*

*पीर–ए–हिंद में रवत*

फारसी के लफ्ज हैं। इसका अर्थ है, हिंद का पीर गढ़ी छोड़कर जा रहा है। ऊँची आवाज देकर गए। छिपकर नहीं गए। साथ कौन है, भाई दया सिंघ जी, भाई धर्म सिंघ जी, भाई मान सिंघ जी। भाई संगत सिंघ जी का चेहरा गुरु साहिब से मिलता–जुलता था और महाराज जी ने अपनी जैसी दस्तार, कलगी, दो सिंघों की डयूटी कोनों पर लगाई, नगारे बजाने हैं। साथ 2300 तीर दिए। भाई संगत सिंघ जी को कहते कि आपने बाद में गढ़ी में से एक–एक करके तीर सिमरन करते चलाने हैं। नगारची को कहा कि आप ने नगारा बजाना है। दो सिंघों की और डयूटी लगाई, आपने जयकारे बुलाते जाने हैं। तीन सिंघ साथ। जब गढ़ी में से स्वयं महाराज जी निकले तो अब यहाँ फिर सीख दे गए। सभी सिक्खों ने विनती की कि महाराज जी, चरणों में जोड़ा पहन लो। यहाँ काफी कुछ बिखरा हुआ है। युद्ध का मैदान है। धन्य श्री गुरु गोबिंद सिंघ जी बारे में आप सुनते ही हो कि नंगे चरण (पैर) गए, चरणों में छाले पड़ गए। महाराज जी, युद्ध का मैदान, जोड़ा पहन लो तो धन्य श्री गुरु गोबिंद सिंघ जी महाराज ने क्या कहा? "मेरा कोई सिंघ शहीद होकर कैसे पड़ा है। कोई सिंघ शहीद होकर कैसे पड़ा है। यदि किसी के केशों पर मेरा जोड़ा लग गया तो मैं लेखा कहाँ दूँगा।" केशों का कितना सत्कार महाराज जी ने किया है। नंगे चरण (पैर) गए। जोड़ा नहीं डाला। यहाँ क्या शिक्षा दी हमें कि मेरा केशों से कितना प्यार है।

*केसन की कीजै प्रतिपाल।*
*उसतरन से ना कटिओ बाल।*
*इहो मोह आगिआ सुनो हे पिआरे।*
*बिन तेगं केसं देवो ना दीदारे।*

यह धारण करो। गरीब निवाज ने गढ़ी छोड़ी। आगे माछीवाड़े के जंगल। शिकायत नहीं की प्रभु से। प्यार से पढ़ते हो ये शब्द जो महाराज जी ने यहाँ उच्चारण किया :

*खिआल पातिशाही १०।।*
*मित्र पिआरे नूं हाल मुरीदां दा कहिणा।।*
*तुधु बिनु रोगु रजाईआं दा ओढण*
*नाग निवासां दे रहिणा।।*
*सूल सुराही खंजरु पिआला*

*बिंग कसाईआं दा सहिणा।।*
*यारड़े दा सानूं सथर चंगा*
*भठ खेड़िआं दा रहणा।।*

*(श्री दसम ग्रंथ)*

भाई गुलाबे के कुएं पर रुके। ध्रुव तारे की दिशा दी थी, भाई दया सिंघ जी को व भाई धर्म सिंघ जी को मिलने के लिए। बिछुड़ गए तो इस की दिशा पर आना है। मेल हो गया। उच्च के पीर बने। दो मुसलमानों गनी खां, नबी खां ने आगे से पालकी उठाई है और भाई दया सिंघ जी, भाई धर्म सिंघ जी ने पीछे से पालकी उठाई है। बहुत सख्त पहरा था। अब यहाँ फिर शिक्षा दे गए। देखो! फौज के अफसर ने रोक लिया। यह कौन जा रहा है? वे तो ढूँढ रहे थे। गनी खां, नबी खां ने कहा, उच्च के पीर जा रहे हैं। उच्च गांव का नाम है, वहाँ के पीर जा रहे हैं। झूठ भी नहीं बोला, अंदर की भावना थी कि धन्य श्री गुरु नानक देव जी महाराज सबसे ऊँचे हैं और यह उनकी दसवीं जोत 'उच्च के पीर' जा रहे हैं।

